ਵੀਰਵਾਰ, 4 ਜਨਵਰੀ, 2024
20 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 215

ਨਵਾਂ ਜ਼ਮਾਨਾ

DAILY NAWAN ZAMANA • THURSDAY, 4 JANUARY, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਟਰਾਂਸਪੋਰਟ ਹੜਤਾਲ ਲੰਮੀ ਖਿੱਚੇ ਜਾਣ ਦੇ ਅਲਰਟ ਨੇ ਕੇਂਦਰ ਸਰਕਾਰ ਹਿਲਾਈ

ਨਵੀਂ ਦਿੱਲੀ : ਦੇਸ਼ ਵਿਚ ਹਿੱਟ ਐਂਡ ਰਨ ਦੇ ਨਵੇਂ ਕਾਨੂੰਨ ਨੂੰ ਲੈ ਕੇ ਟਰੱਕ ਤੇ ਬੱਸ ਡਰਾਈਵਰਾਂ ਦੀ ਹੜਤਾਲ ਨੂੰ ਖਤਮ ਕਰਾਉਣ ਲਈ ਕੇਂਦਰ ਸਰਕਾਰ ਇਸ ਕਰਕੇ ਤੁਰੰਤ ਹਰਕਤ ਵਿਚ ਆਈ ਕਿ ਇਹ ਹੜਤਾਲ ਕਿਸਾਨ ਅੰਦੋਲਨ ਵਰਗੀ ਸ਼ਕਲ ਅਖਤਿਆਰ ਕਰ ਸਕਦੀ ਹੈ। 22 ਜਨਵਰੀ ਨੂੰ ਅਯੁੱਧਿਆ ਵਿਚ ਰਾਮ ਮੰਦਰ 'ਚ ਪ੍ਰਾਣ ਪ੍ਰਤਿਸ਼ਠਾ ਤੇ 26 ਜਨਵਰੀ ਦੇ ਗਣਤੰਤਰ ਦਿਵਸ ਸਮਾਗਮਾਂ ਵਿਚ ਕਿਸੇ ਤਰ੍ਹਾਂ ਦਾ ਖਲਲ ਸਰਕਾਰ ਨੂੰ ਸਹਿਣਾ ਮੁਸ਼ਕਲ ਲੱਗਿਆ। ਉੱਚ ਪੱਧਰੀ ਸੂਤਰਾਂ ਮੁਤਾਬਕ ਇਕ ਖੁਫੀਆ ਅਲਰਟ ਨੇ ਸਰਕਾਰ ਦੀ ਨੀਂਦ ਉਡਾ ਦਿੱਤੀ ਕਿ ਡਰਾਈਵਰਾਂ ਦਾ ਅੰਦੋਲਨ ਕਿਸਾਨ ਅੰਦੋਲਨ ਵਾਂਗ ਅੱਗੇ ਵਧਾਉਣ ਦੇ ਜਤਨ ਹੋ ਰਹੇ ਹਨ।

ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਕਿ ਡਰਾਈਵਰ ਹੀ ਦੇਸ਼ ਦੇ ਡਰਾਈਵਰ ਬਦਲ ਦੇਣਗੇ। ਡਰਾਈਵਰਾਂ ਖਿਲਾਫ ਕਾਲੇ ਕਾਨੂੰਨ ਦੇ ਵਿਰੋਧ ਵਿਚ ਉਹ ਡਰਾਈਵਰਾਂ ਦੇ ਨਾਲ ਹਨ। ਰਾਹੁਲ ਗਾਂਧੀ ਨੇ ਕਿਹਾ ਕਿ ਬਿਨਾਂ ਚਰਚਾ ਦੇ ਕਾਨੂੰਨ ਬਣਾਉਣ ਦੀ ਜ਼ਿੱਦ ਲੋਕਤੰਤਰ ਦੀ ਆਤਮਾ 'ਤੇ ਹਮਲਾ ਹੈ। ਜਦੋਂ 150 ਤੋਂ ਵੱਧ ਸਾਂਸਦ ਮੁਅੱਤਲ ਸਨ ਤਾਂ ਸ਼ਹਿਨਸ਼ਾਹ ਨੇ ਭਾਰਤੀ ਅਰਥ ਵਿਵਸਥਾ ਦੀ ਰੀੜ੍ਹ ਡਰਾਈਵਰਾਂ ਖਿਲਾਫ ਅਜਿਹਾ ਕਾਨੂੰਨ ਬਣਾ ਦਿੱਤਾ, ਜਿਸ ਦੇ ਨਤੀਜੇ ਘਾਤਕ ਹੋ ਸਕਦੇ ਹਨ। ਲੋਕਤੰਤਰ ਨੂੰ ਚਾਬੁਕ ਨਾਲ ਚਲਾਉਣ ਵਾਲੀ ਸਰਕਾਰ ਸ਼ਹਿਨਸ਼ਾਹ ਦੇ ਫਰਮਾਨ ਤੇ ਇਨਸਾਫ ਵਿਚਲੇ ਫਰਕ ਨੂੰ ਭੁੱਲ ਚੁੱਕੀ ਹੈ। ਸੂਤਰਾਂ ਮੁਤਾਬਕ ਸੋਮਵਾਰ ਕੇਂਦਰ ਸਰਕਾਰ ਨੂੰ ਖੁਫੀਆ ਅਲਰਟ ਮਿਲਿਆ ਕਿ ਕੁਝ ਪਾਰਟੀਆਂ ਹੜਤਾਲ ਨੂੰ ਕਿਸਾਨ ਅੰਦੋਲਨ ਵਾਂਗ ਅੱਗੇ ਵਧਾਉਣਾ ਚਾਹੁੰਦੀਆਂ ਹਨ। ਖਾਸਕਰ ਯੂ ਪੀ, ਬਿਹਾਰ, ਪੱਛਮੀ ਬੰਗਾਲ, ਮਹਾਰਾਸ਼ਟਰ, ਹਰਿਆਣਾ, ਪੰਜਾਬ, ਰਾਜਸਥਾਨ, ਤਿਲੰਗਾਨਾ, ਓਡੀਸ਼ਾ, ਮੱਧ ਪ੍ਰਦੇਸ਼ ਤੇ ਤਾਮਿਲਨਾਡੂ ਸਣੇ ਹੋਰਨਾਂ ਰਾਜਾਂ ਵਿਚ ਹੜਤਾਲ ਲੰਮੀ ਚਲਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਹਾਈਵੇ ਤੋਂ ਇਲਾਵਾ ਰੇਲਵੇ ਟਰੈਕ ਵੀ ਜਾਮ ਕਰਨ ਦੀ ਯੋਜਨਾ ਹੈ। ਇਸ ਅਲਰਟ ਤੋਂ ਬਾਅਦ ਕੇਂਦਰੀ ਗ੍ਰਹਿ ਸਕੱਤਰ ਅਜੈ ਭੱਲਾ ਚੌਕਸ ਹੋ ਗਏ ਅਤੇ ਉਨ੍ਹਾ ਪਹਿਲਾਂ ਆਲ ਇੰਡੀਆ ਮੋਟਰ ਐਂਡ ਗੁਡਜ਼ ਟਰਾਂਸਪੋਰਟ ਐਸੋਸੀਏਸ਼ਨ ਦੇ ਅਹੁਦੇਦਾਰਾਂ ਨਾਲ ਸੰਪਰਕ ਕੀਤਾ, ਜਿਸ ਦੇ ਪ੍ਰਧਾਨ ਰਜਿੰਦਰ ਕਪੂਰ ਨੇ ਅਪੀਲ ਕੀਤੀ ਕਿ ਗੱਲਬਾਤ ਨਾਲ ਹੱਲ ਸੰਭਵ ਹੈ। ਇਹ ਕਾਨੂੰਨ ਲਾਗੂ ਵੀ ਹੋਇਆ ਤਾਂ ਇਕ ਅਪ੍ਰੈਲ ਤੋਂ ਲਾਗੂ ਹੋਵੇਗਾ। ਸਰਕਾਰ ਅੱਗੇ ਮਜ਼ਬੂਤੀ ਨਾਲ ਡਰਾਈਵਰਾਂ ਦਾ ਪੱਖ ਰੱਖਿਆ ਜਾਵੇਗਾ। ਮੰਗਲਵਾਰ ਦੇਰ ਸ਼ਾਮ ਭੱਲਾ ਨੇ ਆਲ ਇੰਡੀਆ ਟਰਾਂਸਪੋਰਟ ਕਾਂਗਰਸ ਦੇ ਅਹੁਦੇਦਾਰਾਂ ਨਾਲ ਮੀਟਿੰਗ ਕਰਕੇ ਕਿਹਾ ਕਿ ਕਾਨੂੰਨ ਟਰਾਂਸਪੋਰਟ ਦੇ ਨੁਮਾਇੰਦਿਆਂ ਨਾਲ ਚਰਚਾ ਕਰਕੇ ਲਾਗੂ ਕੀਤਾ ਜਾਵੇਗਾ।

ਜਲੰਧਰ 'ਚ ਹਿੱਟ ਐਂਡ ਰਨ ਕਾਨੂੰਨ ਵਿਰੁੱਧ ਚੱਲ ਰਹੀ ਹੜਤਾਲ ਦੇ ਮੱਦੇਨਜ਼ਰ ਬੁੱਧਵਾਰ ਟਰੱਕ ਅਪ੍ਰੇਟਰਾਂ ਨੇ ਜ਼ਬਰਦਸਤ ਪ੍ਰਦਰਸ਼ਨ ਕੀਤਾ। ਰਾਮਾ ਮੰਡੀ ਚੌਕ 'ਚ ਟਰੱਕ ਅਪ੍ਰੇਟਰਾਂ ਵੱਲੋਂ ਜੰਮ ਕੇ ਕੀਤੇ ਪ੍ਰਦਰਸ਼ਨ ਦੌਰਾਨ ਮਾਹੌਲ ਏਨਾ ਭਖ ਗਿਆ ਕਿ ਪੁਲਸ ਨੇ ਯੂਨੀਅਨ ਦੇ ਪ੍ਰਧਾਨ ਹੈਪੀ ਸੰਧੂ ਨੂੰ ਹਿਰਾਸਤ 'ਚ ਲੈ ਲਿਆ।ਪੁਲਸ ਨੇ ਟਰੱਕ ਅਪ੍ਰੇਟਰਾਂ ਨੂੰ ਧਰਨਾ ਲਾਉਣ ਤੋਂ ਰੋਕਿਆ।

ਸੰਧੂ ਨੇ ਕਿਹਾ ਕਿ ਟਰੱਕ ਅਪ੍ਰੇਟਰਾਂ ਨੂੰ ਧਰਨਾ ਲਾਉਣ ਦੀ ਕਾਲ ਦਿੱਤੀ ਗਈ ਸੀ ਅਤੇ ਧਰਨਾ ਲਾਉਣ ਤੇ ਪ੍ਰਦਰਸ਼ਨ ਕਰਨ ਲਈ ਕਿਸੇ ਤੋਂ ਇਜਾਜ਼ਤ ਨਹੀਂ ਲੈਣੀ ਪੈਂਦੀ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵਿਰੁੱਧ ਪ੍ਰਦਰਸ਼ਨ ਜਾਰੀ ਰਹੇਗਾ, ਜਿੰਨਾ ਚਿਰ ਇਹ ਕਾਨੂੰਨ ਵਾਪਸ ਨਹੀਂ ਹੁੰਦਾ। ਬਾਅਦ ਵਿੱਚ ਪ੍ਰਸ਼ਾਸਨ ਨਾਲ ਗੱਲਬਾਤ ਹੋਈ ਅਤੇ ਸੰਧੂ ਨੂੰ ਛੱਡ ਦਿੱਤਾ ਗਿਆ।

ਸਰਕਾਰ ਡਰਾਈਵਰਾਂ ਬਾਰੇ ਕਾਨੂੰਨ 'ਚ ਤੁਰੰਤ ਲੋੜੀਂਦੀਆਂ ਸੋਧਾਂ ਕਰੇ : ਅਰਸ਼ੀ

ਮਾਨਸਾ, (ਆਤਮਾ ਸਿੰਘ ਪਮਾਰ)–ਭਾਰਤੀ ਨਿਆਂ ਦੰਡਾਵਲੀ ਵਿਚ 'ਹਿਟ ਐਂਡ ਰਨ' ਕੇਸਾਂ ਵਿਚ ਡਰਾਈਵਰਾਂ ਵਾਸਤੇ ਤਜਵੀਜ਼ਤ ਸਖ਼ਤ ਸਜ਼ਾ ਤੇ ਭਾਰੀ ਜੁਰਮਾਨੇ ਖਿਲਾਫ ਰੋਡ ਟਰਾਂਸਪੋਰਟ ਦੇ ਹਜ਼ਾਰਾਂ ਡਰਾਈਵਰਾਂ ਵੱਲੋਂ ਦੇਸ਼ ਭਰ ਵਿਚ ਆਰੰਭੇ ਅੰਦੋਲਨ ਦੀ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਡਟਵੀਂ ਹਮਾਇਤ ਕੀਤੀ ਅਤੇ ਇਸ ਕਾਨੂੰਨ ਵਿਚਲੀਆਂ ਇਕਪਾਸੜ ਧਾਰਾਵਾਂ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ।

ਕਮਿਊਨਿਸਟ ਆਗੂ ਨੇ ਜਾਰੀ ਬਿਆਨ ਵਿਚ ਕਿਹਾ ਕਿ ਮੋਦੀ ਸਰਕਾਰ ਨੇ ਕੁਝ ਦਿਨ ਪਹਿਲਾਂ ਸਮੁੱਚੀ ਵਿਰੋਧੀ ਧਿਰ ਨੂੰ ਸੰਸਦ ਵਿਚੋਂ ਮੁਅੱਤਲ ਕਰਕੇ ਬਿਨਾਂ ਸਾਰੀਆਂ ਸੰਬੰਧਤ ਧਿਰਾਂ ਨਾਲ ਕਿਸੇ ਸਲਾਹ-ਮਸ਼ਵਰੇ ਦੇ ਹੜਬੜੀ ਵਿਚ ਪਾਸ ਕੀਤੇ ਨਵੇਂ ਫੌਜਦਾਰੀ ਕਾਨੂੰਨਾਂ ਵਿਚ ਸੜਕ ਹਾਦਸਿਆਂ ਲਈ ਇਕਪਾਸੜ ਡਰਾਈਵਰਾਂ ਨੂੰ ਨਿਸ਼ਾਨਾ ਬਣਾਉਣਾ ਪੂਰੀ ਤਰ੍ਹਾਂ ਗਲਤ ਹੈ। ਭਾਰਤ ਵਿਚ ਜਿਵੇਂ ਖੁਦ ਸੰਘ-ਭਾਜਪਾ ਭਗਵੇਂ ਬ੍ਰਿਗੇਡ ਨੇ ਮੌਬ ਲਿਚਿੰਗ ਤੇ ਭੀੜ ਦੇ ਨਿਆਂ ਨੂੰ ਹੱਲਾਸ਼ੇਰੀ ਦਿੱਤੀ ਹੈ, ਐਸੀ ਹਾਲਤ ਵਿਚ ਕਿਸੇ ਵੀ ਹਾਦਸੇ ਤੋਂ ਬਾਅਦ ਭੀੜ ਤੋਂ ਅਪਣੀ ਜਾਨ ਬਚਾਉਣ ਲਈ ਮੌਕੇ ਤੋਂ ਡਰਾਈਵਰਾਂ ਦਾ ਖਿਸਕਣਾ ਇਕ ਸੁਭਾਵਿਕ ਵਰਤਾਰਾ ਹੈ, ਪਰ ਸੜਕਾਂ ਉਤੇ ਅਕਸਰ ਹਾਦਸੇ ਹੋਣ ਵਾਲੇ ਸਥਾਨਾਂ ਦੀ ਨਿਸ਼ਾਨਦੇਹੀ ਕਰਕੇ ਹਾਦਸੇ ਹੋਣੋਂ ਰੋਕਣ ਦੇ ਜ਼ਰੂਰੀ ਇੰਤਜ਼ਾਮ ਕਰਨ, ਡਰਾਈਵਰਾਂ ਤੇ ਆਮ ਜਨਤਾ ਨੂੰ ਹਾਦਸਿਆਂ ਤੋਂ ਬਚਾਓ ਕਰਨ ਦੇ ਢੰਗ-ਤਰੀਕੇ ਸਿਖਾਉਣ, ਹਰ ਡਰਾਈਵਰ ਨੂੰ ਟ੍ਰੈਫਿਕ ਨਿਯਮਾਂ ਦੀ ਮੁਕੰਮਲ ਟਰੇਨਿੰਗ ਦੇਣ ਅਤੇ ਸੜਕ ਹਾਦਸਿਆਂ ਵਿਚ ਜਾਨਾਂ ਗੁਆਉਣ ਜਾਂ ਅਪਾਹਜ ਹੋਣ ਵਾਲੇ ਲੋਕਾਂ ਨੂੰ ਸਰਕਾਰ ਵਲੋਂ ਢੁਕਵਾਂ ਮੁਆਵਜ਼ਾ ਦੇਣ ਦਾ ਉਪਬੰਧ ਕਰਨ ਦੀ ਬਜਾਏ ਸਿਰਫ ਕਾਨੂੰਨ ਵਿਚ ਮਾਮੂਲੀ ਤਨਖਾਹਾਂ ਉਤੇ ਕੰਮ ਕਰ ਰਹੇ ਸਮੂਹ ਡਰਾਈਵਰਾਂ ਨੂੰ ਸਖਤ ਸਜ਼ਾ ਤੇ ਭਾਰੀ ਜੁਰਮਾਨੇ ਤਜਵੀਜ਼ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਰਹੀ ਹੈ।

ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ ਨੇ ਕਿਹਾ ਕਿ ਰੋਡ ਟਰਾਂਸਪੋਰਟ ਦੀ ਸਿਰਫ ਤਿੰਨ ਦਿਨ ਦੀ ਹੜਤਾਲ ਨਾਲ ਹੀ ਜਿਵੇਂ ਦੇਸ਼ ਵਿਚ ਜ਼ਰੂਰੀ ਵਸਤਾਂ ਦੀ ਸਪਲਾਈ ਅਤੇ ਕਾਰੋਬਾਰ ਠੱਪ ਹੋ ਕੇ ਰਹਿ ਗਏ ਹਨ, ਜਨਤਕ ਸਥਿਤੀ ਨੂੰ ਭਾਂਪਦਿਆਂ ਕੇਂਦਰ ਦੀ ਮੋਦੀ ਸਰਕਾਰ ਤੁਰੰਤ ਇਸ ਮਨਮਾਨੇ ਕਾਨੂੰਨ ਵਿਚ ਲੋੜੀਂਦੀਆਂ ਸੋਧਾਂ ਕਰੇ। ਸਰਕਾਰ ਵੱਲੋਂ ਫੌਰੀ ਸੁਣਵਾਈ ਨਾ ਹੋਣ ਦੀ ਸੂਰਤ ਵਿਚ ਸੀ ਪੀ ਆਈ ਇਸ ਅੰਦੋਲਨ ਵਿਚ ਸ਼ਾਮਲ ਹੋਵੇਗੀ।

ਇਜ਼ਰਾਈਲ ਖਿਲਾਫ ਕੌਮਾਂਤਰੀ ਅਦਾਲਤ 'ਚ ਕੇਸ

ਹੇਗ : ਦੱਖਣੀ ਅਫਰੀਕਾ ਨੇ ਸੰਯੁਕਤ ਰਾਸ਼ਟਰ ਦੀ ਸਿਖਰਲੀ ਅਦਾਲਤ ਵਿੱਚ ਕੇਸ ਦਾਇਰ ਕਰਕੇ ਦੋਸ਼ ਲਾਇਆ ਹੈ ਕਿ ਗਾਜ਼ਾ ਵਿੱਚ ਇਜ਼ਰਾਈਲ ਦੀ ਫੌਜੀ ਮੁਹਿਮ ਨਸਲਕੁਸ਼ੀ ਦੇ ਬਰਾਬਰ ਹੈ।

ਇਸ ਦੇ ਨਾਲ ਹੀ ਇਜ਼ਰਾਈਲ ਨੇ ਅੰਤਰਰਾਸ਼ਟਰੀ ਅਦਾਲਤ ਵਿੱਚ ਇਸ ਮਾਮਲੇ ਦਾ ਦਲੇਰੀ ਨਾਲ ਸਾਹਮਣਾ ਕਰਨ ਦਾ ਸੰਕਲਪ ਜਤਾਇਆ ਹੈ।

ਦੱਖਣੀ ਅਫ਼ਰੀਕਾ ਨੇ 84 ਪੰਨਿਆਂ ਦੀ ਪਟੀਸ਼ਨ ਵਿੱਚ ਕਿਹਾ ਹੈ ਕਿ ਇਜ਼ਰਾਈਲ ਦੀ ਕਾਰਵਾਈ ਨਸਲਕੁਸ਼ੀ ਕਿਸਮ ਦੀ ਹੈ, ਕਿਉਂਕਿ ਇਸ ਦੇ ਪਿੱਛੇ ਇਰਾਦਾ ਗਾਜ਼ਾ ਵਿੱਚ ਫਲਸਤੀਨ ਦੇ ਵੱਡੇ ਹਿੱਸੇ ਨੂੰ ਤਬਾਹ ਕਰਨਾ ਹੈ। ਪਟੀਸ਼ਨ ਵਿੱਚ ਅੰਤਰਰਾਸ਼ਟਰੀ ਅਦਾਲਤ ਨੂੰ ਇਹ ਐਲਾਨ ਕਰਨ ਦੀ ਬੇਨਤੀ ਕੀਤੀ ਗਈ ਹੈ ਕਿ ਇਜ਼ਰਾਈਲ ਨੇ ਨਸਲਕੁਸ਼ੀ ਕਨਵੈਨਸ਼ਨ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਦੀ ਉਲੰਘਣਾ ਕੀਤੀ ਹੈ ਅਤੇ ਲਗਾਤਾਰ ਉਲੰਘਣਾ ਕਰ ਰਿਹਾ ਹੈ। ਹਮਲਾਵਰ ਕਾਰਵਾਈਆਂ ਨੂੰ ਤੁਰੰਤ ਬੰਦ ਕਰਨ ਦੇ ਆਦੇਸ਼ ਵੀ ਦਿੱਤੇ ਜਾਣੇ ਚਾਹੀਦੇ ਹਨ, ਤਾਂ ਜੋ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ ਅਤੇ ਉਹ ਮੁੜ ਇਮਾਰਤਾਂ ਦਾ ਨਿਰਮਾਣ ਕਰ ਸਕਣ, ਜਿਨ੍ਹਾਂ ਨੂੰ ਉਸ ਨੇ ਤਬਾਹ ਕੀਤਾ ਹੈ।

ਈਰਾਨ 'ਚ ਧਮਾਕਿਆਂ ਦੌਰਾਨ 70 ਤੋਂ ਵੱਧ ਮੌਤਾਂ

ਤਹਿਰਾਨ : ਈਰਾਨੀ ਜਨਰਲ ਕਾਸਿਮ ਸੁਲੇਮਾਨੀ ਦੀ ਬਰਸੀ 'ਤੇ ਬੁੱਧਵਾਰ ਹੋਏ ਹਜ਼ਾਰਾਂ ਲੋਕਾਂ ਦੇ ਇਕੱਠ ਦੌਰਾਨ ਦੋ ਧਮਾਕਿਆਂ ਨਾਲ 70 ਤੋਂ ਵੱਧ ਲੋਕ ਮਾਰੇ ਗਏ ਤੇ ਕਈ ਜ਼ਖਮੀ ਹੋ ਗਏ। ਸੁਲੇਮਾਨੀ ਨੂੰ ਅਮਰੀਕਾ ਨੇ ਡਰੋਨ ਹਮਲਾ ਕਰਕੇ ਇਰਾਕ ਵਿਚ ਮਾਰਿਆ ਸੀ। ਦੱਖਣੀ ਈਰਾਨ ਦੇ ਕਰਮਨ ਵਿਖੇ ਸਾਹਿਬ ਅਲ-ਜ਼ਮਾਂ ਮਸਜਿਦ ਨੇੜੇ ਹੋਏ ਧਮਾਕਿਆਂ ਨੂੰ ਈਰਾਨ ਨੇ ਦਹਿਸ਼ਤਗਰਦਾਂ ਦਾ ਕਾਰਾ ਦੱਸਿਆ ਹੈ।

ਅਡਾਨੀ-ਹਿੰਡਨਬਰਗ ਮਾਮਲੇ ਦੀ ਜਾਂਚ ਕਿਸੇ ਹੋਰ ਏਜੰਸੀ ਨੂੰ ਸੌਂਪਣ ਤੋਂ ਨਾਂਹ

ਨਵੀਂ ਦਿੱਲੀ : ਅਡਾਨੀ-ਹਿੰਡਨਬਰਗ ਵਿਵਾਦ 'ਚ ਸੁਪਰੀਮ ਕੋਰਟ ਨੇ ਬੁੱਧਵਾਰ ਕਿਹਾ ਕਿ ਮਾਮਲੇ ਦੇ ਤੱਥਾਂ ਨੂੰ ਦੇਖਦੇ ਹੋਏ ਅਜਿਹਾ ਨਹੀਂ ਲੱਗਦਾ ਕਿ ਪੜਤਾਲ ਵਿਸ਼ੇਸ਼ ਜਾਂਚ ਟੀਮ ਜਾਂ ਹੋਰ ਏਜੰਸੀਆਂ ਨੂੰ ਸੌਂਪੀ ਜਾਵੇ।ਇਸ ਦੇ ਨਾਲ ਉਸ ਨੇ ਸੇਬੀ ਨੂੰ ਬਾਕੀ ਦੋ ਮਾਮਲਿਆਂ ਵਿੱਚ ਤਿੰਨ ਮਹੀਨਿਆਂ ਵਿੱਚ ਜਾਂਚ ਪੂਰੀ ਕਰਨ ਦਾ ਨਿਰਦੇਸ਼ ਦਿੱਤਾ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਉਹ ਸੇਬੀ ਦੀ ਜਾਂਚ ਕਰਨ ਦੀ ਤਾਕਤ ਨੂੰ ਕੰਟਰੋਲ ਨਹੀਂ ਕਰ ਸਕਦੇ। ਬੈਂਚ ਨੇ ਇਹ ਵੀ ਕਿਹਾ ਕਿ ਸੇਬੀ ਨੇ ਅਡਾਨੀ ਸਮੂਹ ਵਿਰੁੱਧ ਦੋਸ਼ਾਂ ਨਾਲ ਸੰਬੰਧਤ 24 ਵਿੱਚੋਂ 22 ਮਾਮਲਿਆਂ ਵਿੱਚ ਆਪਣੀ ਜਾਂਚ ਪੂਰੀ ਕਰ ਲਈ ਹੈ। ਮਾਮਲੇ ਦੇ ਤੱਥਾਂ ਨੂੰ ਦੇਖਦੇ ਹੋਏ ਅਜਿਹਾ ਨਹੀਂ ਲੱਗਦਾ ਕਿ ਜਾਂਚ ਦੀ ਜ਼ਿੰਮੇਵਾਰੀ ਵਿਸ਼ੇਸ਼ ਜਾਂਚ ਟੀਮ ਜਾਂ ਹੋਰ ਏਜੰਸੀਆਂ ਨੂੰ ਸੌਂਪੀ ਜਾਣੀ ਚਾਹੀਦੀ ਹੈ। ਅਦਾਲਤ ਨੇ ਇਹ ਫੈਸਲਾ ਉਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਤੋਂ ਬਾਅਦ ਦਿੱਤਾ, ਜਿਨ੍ਹਾਂ 'ਚ ਦੋਸ਼ ਲਗਾਇਆ ਗਿਆ ਸੀ ਕਿ ਅਡਾਨੀ ਸਮੂਹ ਵੱਲੋਂ ਸ਼ੇਅਰਾਂ ਦੀਆਂ ਕੀਮਤਾਂ 'ਚ ਹੇਰਾਫੇਰੀ ਕੀਤੀ ਗਈ ਸੀ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਅਡਾਨੀ ਸਮੂਹ ਦੀਆਂ ਸਾਰੀਆਂ ਕੰਪਨੀਆਂ ਦੇ ਸ਼ੇਅਰਾਂ 'ਚ 2.2 ਫੀਸਦੀ ਤੋਂ 10 ਫੀਸਦੀ ਦਾ ਵਾਧਾ ਹੋ ਗਿਆ। ਫੈਸਲੇ 'ਤੇ ਉਦਯੋਗਪਤੀ ਗੌਤਮ ਅਡਾਨੀ ਨੇ ਕਿਹਾ—ਸੱਚ ਜਿੱਤ ਗਿਆ, ਸੱਤਿਆਮੇਵ ਜਯਤੇ।

ਮੰਗਲਵਾਰ ਜ਼ੋਮੈਟੋ ਵਰਕਰ ਹੈਦਰਾਬਾਦ 'ਚ ਘੋੜੇ 'ਤੇ ਘੁੰਮਦਾ ਨਜ਼ਰ ਆਇਆ। ਪੁੱਛਣ 'ਤੇ ਉਸ ਨੇ ਕਿਹਾ—ਆਰਡਰ ਲੈ ਕੇ ਨਿਕਲਿਆ, ਪਰ ਤਿੰਨ ਘੰਟੇ ਲਾਈਨ ਵਿਚ ਖੜ੍ਹਨ ਦੇ ਬਾਵਜੂਦ ਤੇਲ ਨਹੀਂ ਮਿਲਿਆ। ਫਿਰ ਘੋੜੇ ਦੀ ਸਵਾਰੀ ਕਰਨੀ ਪਈ।

ਅਮਰੀਕਾ ਸਿਰ ਕਰਜ਼ਾ 34 ਹਜ਼ਾਰ ਅਰਬ ਡਾਲਰ ਤੱਕ ਪੁੱਜਾ

ਵਾਸ਼ਿੰਗਟਨ : ਅਮਰੀਕਾ ਵਿਚ ਫੈਡਰਲ ਸਰਕਾਰ ਦਾ ਕੁੱਲ ਰਾਸ਼ਟਰੀ ਕਰਜ਼ਾ 34 ਹਜ਼ਾਰ ਅਰਬ ਡਾਲਰ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ ਹੈ। ਕਰਜ਼ੇ ਦਾ ਇਹ ਪੱਧਰ ਦਰਸਾਉਂਦਾ ਹੈ ਕਿ ਦੇਸ਼ ਦੇ ਵਹੀ-ਖਾਤੇ ਨੂੰ ਸੁਧਾਰਨ ਲਈ ਆਉਣ ਵਾਲੇ ਸਾਲਾਂ ਵਿੱਚ ਸਰਕਾਰ ਨੂੰ ਸਿਆਸੀ ਅਤੇ ਆਰਥਕ ਮੋਰਚੇ 'ਤੇ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਅਮਰੀਕੀ ਵਿੱਤ ਵਿਭਾਗ ਨੇ ਬੁੱਧਵਾਰ ਦੇਸ਼ ਦੀ ਵਿੱਤੀ ਸਥਿਤੀ 'ਤੇ ਰਿਪੋਰਟ ਜਾਰੀ ਕੀਤੀ ਹੈ। ਇਹ ਸਿਆਸੀ ਤੌਰ 'ਤੇ ਵੰਡੇ ਦੇਸ਼ ਲਈ ਤਣਾਅ ਪੈਦਾ ਕਰਨ ਵਾਲੀ ਹੈ। ਰਿਪੋਰਟ ਮੁਤਾਬਕ ਸਾਲਾਨਾ ਬਜਟ ਤੋਂ ਬਿਨਾਂ ਸਰਕਾਰ ਦੇ ਕੰਮ ਦਾ ਕੁਝ ਹਿੱਸਾ ਠੱਪ ਹੋ ਸਕਦਾ ਹੈ।

ਦਸੰਬਰ ਤੱਕ ਜੀ ਐੱਸ ਟੀ 'ਚ 16.52 ਫੀਸਦੀ ਤੇ ਆਬਕਾਰੀ 'ਚ 10.4 ਫੀਸਦੀ ਵਾਧਾ : ਚੀਮਾ

ਚੰਡੀਗੜ੍ਹ, (ਗੁਰਜੀਤ ਬਿੱਲਾ)–ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਦੱਸਿਆ ਕਿ ਸੂਬੇ ਨੇ ਵਿੱਤੀ ਸਾਲ 2022-23 ਦੇ ਮੁਕਾਬਲੇ ਚਾਲੂ ਵਿੱਤੀ ਸਾਲ ਦੌਰਾਨ ਦਸੰਬਰ ਤੱਕ ਵਸਤੂਆਂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਤੋਂ ਮਾਲੀਏ ਵਿੱਚ ਸ਼ੁੱਧ 16.52 ਪ੍ਰਤੀਸ਼ਤ ਦੀ ਵਾਧਾ ਦਰ ਅਤੇ ਆਬਕਾਰੀ ਤੋਂ ਮਾਲੀਏ ਵਿੱਚ 10.4 ਪ੍ਰਤੀਸ਼ਤ ਵਾਧਾ ਹਾਸਲ ਕੀਤਾ ਹੈ।

ਚੀਮਾ ਨੇ ਦੱਸਿਆ ਕਿ ਵਿੱਤੀ ਸਾਲ 2023-24 ਵਿੱਚ ਦਸੰਬਰ ਤੱਕ ਸ਼ੁੱਧ ਜੀ ਐੱਸ ਟੀ 15523.74 ਕਰੋੜ ਰੁਪਏ ਰਿਹਾ, ਜਦੋਂਕਿ ਵਿੱਤੀ ਸਾਲ 2022-23 ਦੀ ਇਸੇ ਮਿਆ

4-JAN-PAGE-1.qxd 1/3/2024 10:37 PM Page 2

ਵੇਅ ਆਫ਼ ਫੇਥ ਚਰਚ ਰੇਤਗੜ੍ਹ 'ਚ ਪ੍ਰਾਰਥਨਾ ਸਭਾ 7 ਨੂੰ

ਸਮਾਣਾ (ਇਕਬਾਲ ਸਿੰਘ ਬੱਲ) ਪ੍ਰਭੂ ਯਿਸੂ ਮਸੀਹ ਦੇ ਜਨਮ ਦਿਹਾੜਾ ਪੂਰੀ ਦੁਨੀਆ ਵਿੱਚ ਬੜੀ ਸ਼ਰਧਾ ਨਾਲ ਮਨਾਇਆ ਗਿਆ। ਵੇਅ ਆਫ਼ ਫੇਥ ਚਰਚ ਰੇਤਗੜ੍ਹ ਦੇ ਮੁੱਖ ਪਾਸਟਰ ਗੁਰਚਰਨ ਸਿੰਘ ਰੇਤਗੜ੍ਹ ਨੇ ਦੱਸਿਆ ਕਿ ਇਸ ਵਾਰ ਭਾਰਤ ਵਿੱਚ ਕ੍ਰਿਸਮਸ ਡੇਅ ਦਾ ਮਸੀਹ ਲੋਕਾਂ ਵਿੱਚ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਹੈ, ਪਰ ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਪੰਜਾਬ ਵਿੱਚ ਕ੍ਰਿਸਮਸ ਮਨਾਉਣ ਕਾਰਨ ਸੂਬੇ ਅੰਦਰ ਜਗ੍ਹਾ-ਜਗ੍ਹਾ 'ਤੇ ਸਾਡੇ ਮਸੀਹ ਲੋਕਾਂ ਨੂੰ ਪੀੜਤ ਕੀਤਾ ਗਿਆ, ਮਸੀਹ ਲੋਕਾਂ ਨੂੰ ਬੇਇੱਜ਼ਤ ਕੀਤਾ ਤੇ ਗੋਲੀਆਂ ਵੀ ਚਲਾਈਆਂ ਗਈਆਂ। ਅਸੀਂ ਪੰਜਾਬ ਸਰਕਾਰ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਕਿਉਂ ਪੰਜਾਬ ਅੰਦਰ ਮਸੀਹ ਲੋਕਾਂ ਨਾਲ ਏਨਾ ਮਾੜਾ ਵਰਤਾਰਾ ਹੋ ਰਿਹਾ ਹੈ ਕਿ ਸਾਡਾ ਕ੍ਰਿਸਚਨ ਧਰਮ ਬਹੁਤ ਸ਼ਾਂਤ ਸੁਭਾਅ ਅਤੇ ਪਿਆਰ ਮੁਹੱਬਤ ਨਾਲ ਰਲਕੇ ਰਹਿਣ ਵਾਲਾ ਧਰਮ ਹੈ, ਸਾਡਾ ਧਰਮ ਕਿਸੇ ਨਾਲ ਨਫ਼ਰਤ ਕਰਨਾ ਨਹੀਂ ਸਿਖਾਉਂਦਾ, ਪਰ ਹੁਣ ਸਾਨੂੰ ਜਾਣ-ਬੁੱਝ ਕੇ ਬੇਮਤਲਬ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜੋ ਪੰਜਾਬ ਵਿੱਚ ਸ਼ਹੀਦੀ ਦਿਨਾਂ ਵਿੱਚ ਕੋਈ ਵੀ ਖੁਸ਼ੀ ਦਾ ਪ੍ਰੋਗਰਾਮ ਕਰਨ ਤੋਂ ਮਨਾਹੀ ਕੀਤੀ ਗਈ ਸੀ, ਜਿਸ ਕਾਰਨ ਸਾਡੇ ਵੱਲੋਂ ਇਨ੍ਹਾਂ ਹਦਾਇਤਾਂ ਦੀ ਪੂਰੀ ਪਾਲਣਾ ਵੀ ਕੀਤੀ ਗਈ, ਪਰ ਇਸ ਦੇ ਬਾਵਜੂਦ ਸਾਨੂੰ ਕੁਝ ਮਾੜੇ ਅਨਸਰਾਂ ਵੱਲੋਂ ਬਿਨਾਂ ਵਜ੍ਹਾ ਪ੍ਰੇਸ਼ਾਨ ਕੀਤਾ ਗਿਆ। ਸਾਡੇ ਉਪਰ ਗੋਲੀਆਂ ਚਲਾਈਆਂ ਗਈਆਂ, ਜੋ ਬਹੁਤ ਨਿੰਦਣਯੋਗ ਘਟਨਾ ਹੈ, ਪਾਸਟਰ ਗੁਰਚਰਨ ਵੱਲੋਂ ਪੰਜਾਬ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਵੇਂ ਸਾਲ ਦੇ ਪਹਿਲੇ ਹਫ਼ਤੇ ਅਸੀਂ ਵੇਅ ਆਫ਼ ਫੇਥ ਚਰਚ ਰੇਤਗੜ੍ਹ ਵਿਖੇ ਕ੍ਰਿਸਮਸ ਤੇ ਨਵੇਂ ਸਾਲ ਦੀ ਖੁਸ਼ੀ ਵਿੱਚ 7 ਜਨਵਰੀ ਨੂੰ ਇੱਕ ਵੱਡੀ ਪਵਿੱਤਰ ਪ੍ਰਾਰਥਨਾ ਸਭਾ ਰੱਖੀ ਗਈ ਹੈ, ਜਿਸ ਦੌਰਾਨ ਰੇਤਗੜ੍ਹ ਚਰਚ ਆਉਣ ਵਾਲੀ ਸੰਗਤ ਦੀ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਸੁੱਖ ਸ਼ਾਂਤੀ ਲਈ ਅਤੇ ਦੁਖੀਆਂ ਤੇ ਬਿਮਾਰਾਂ ਲਈ ਖਾਸ ਪ੍ਰਾਰਥਨਾ ਹੋਵੇਗੀ, ਨਾਲ ਹੀ ਉਨ੍ਹਾਂ ਕਿਹਾ ਕਿ ਹੁਣ ਤੱਕ ਹਜ਼ਾਰਾਂ ਲੋਕ ਆਪਣੀਆਂ ਭਿਆਨਕ ਬਿਮਾਰੀਆਂ ਤੋਂ ਛੁਟਕਾਰਾ ਪਾ ਚੁੱਕੇ ਹਨ। ਇਸ ਵੇਅ ਆਫ ਫੇਥ ਚਰਚ ਰੇਤਗੜ੍ਹ ਸਮਾਣਾ ਦੇ ਦਰਵਾਜ਼ੇ ਹਮੇਸ਼ਾ ਲੋੜਵੰਦ ਲੋਕਾਂ ਲਈ ਖੁੱਲ੍ਹੇ ਹਨ। ਇਸ ਮੌਕੇ ਉਨ੍ਹਾਂ ਦੀ ਪਤਨੀ ਪਾਸਟਰ ਰਾਜਵਿੰਦਰ ਕੌਰ ਤੇ ਚਰਚ ਦੀ ਸਮੁੱਚੀ ਟੀਮ ਹਾਜ਼ਰ ਰਹੀ।

ਲਿਬਰੇਸ਼ਨ ਵੱਲੋਂ ਡਰਾਈਵਰਾਂ ਦੀ ਹੜਤਾਲ ਦਾ ਸਮਰਥਨ

ਮਾਨਸਾ (ਆਤਮਾ ਸਿੰਘ ਪਮਾਰ)-ਭਾਰਤੀ ਨਿਆਂ ਸੰਹਿਤਾ ਵਿਚ ਹਿਟ ਐਂਡ ਰਨ ਕੇਸਾਂ ਵਿਚ ਡਰਾਈਵਰਾਂ ਵਾਸਤੇ ਤਜਵੀਜ਼ ਕੀਤੀ ਸਖ਼ਤ ਸਜ਼ਾ ਤੇ ਭਾਰੀ ਜੁਰਮਾਨੇ ਦੇ ਖਿਲਾਫ ਦੇਸ਼ ਦੇ ਰੋਡ ਟਰਾਂਸਪੋਰਟ ਦੇ ਹਜ਼ਾਰਾਂ ਡਰਾਈਵਰਾਂ ਵਲੋਂ ਦੇਸ਼ ਭਰ ਵਿਚ ਆਰੰਭੇ ਅੰਦੋਲਨ ਦੀ ਸੀ ਪੀ ਆਈ (ਐਮ ਐਲ) ਲਿਬਰੇਸ਼ਨ ਨੇ ਡਟਵੀਂ ਹਮਾਇਤ ਕੀਤੀ ਹੈ ਅਤੇ ਇਸ ਕਾਨੂੰਨ ਵਿਚਲੀਆਂ ਇਕਪਾਸੜ ਧਾਰਾਵਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।ਪਾਰਟੀ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਇਥੋਂ ਜਾਰੀ ਬਿਆਨ ਵਿਚ ਕਿਹਾ ਹੈ ਕਿ ਮੋਦੀ ਸਰਕਾਰ ਨੇ ਕੁਝ ਦਿਨ ਪਹਿਲਾਂ ਸਮੁੱਚੀ ਵਿਰੋਧੀ ਧਿਰ ਨੂੰ ਸੰਸਦ ਵਿਚੋਂ ਮੁਅੱਤਲ ਕਰਕੇ ਬਿਨਾਂ ਸਾਰੀਆਂ ਵਿਰੋਧੀ ਧਿਰਾਂ ਨਾਲ ਕਿਸੇ ਸਲਾਹ ਮਸ਼ਵਰੇ ਦੇ ਜਲਦਬਾਜ਼ੀ ਅਤੇ ਹੜਬੜੀ ਵਿਚ ਪਾਸ ਕੀਤੇ ਨਵੇਂ ਫੌਜਦਾਰੀ ਕਾਨੂੰਨਾਂ ਵਿਚ ਸੜਕ ਹਾਦਸਿਆਂ ਲਈ ਇਕਪਾਸੜ ਤੌਰ 'ਤੇ ਡਰਾਈਵਰਾਂ ਨੂੰ ਨਿਸ਼ਾਨਾ ਬਣਾਉਣਾ ਪੂਰੀ ਤਰ੍ਹਾਂ ਗਲਤ ਹੈ। ਭਾਰਤ ਵਿਚ ਜਿਵੇਂ ਖੁਦ ਸੰਘ-ਬੀ ਜੇ ਪੀ ਭਰਾਵੇਂ ਬ੍ਰਿਗੇਡ ਨੇ ਮੌਤ ਲਿਚਿੰਗ ਤੇ ਭੀੜ ਦੇ ਨਿਆਂ ਨੂੰ ਹੱਲਾਸ਼ੇਰੀ ਦਿੱਤੀ ਹੈ, ਐਸੀ ਹਾਲਤ ਵਿਚ ਕਿਸੇ ਵੀ ਹਾਦਸੇ ਤੋਂ ਬਾਅਦ ਭੀੜ ਤੋਂ ਅਪਣੀ ਜਾਨ ਬਚਾਉਣ ਲਈ ਮੌਕੇ ਤੋਂ ਡਰਾਈਵਰਾਂ ਦਾ ਖਿਸਕਣਾ ਇਕ ਸੁਭਾਵਿਕ ਵਰਤਾਰਾ ਹੈ। ਪਰ ਸੜਕਾਂ ਉਤੇ ਅਕਸਰ ਹਾਦਸੇ ਹੋਣ ਵਾਲੇ ਸਥਾਨਾਂ ਦੀ ਨਿਸ਼ਾਨਦੇਹੀ ਕਰਕੇ ਹਾਦਸੇ ਹੋਣੋਂ ਰੋਕਣ ਦੇ ਜ਼ਰੂਰੀ ਇੰਤਜ਼ਾਮ ਕਰਨ, ਡਰਾਈਵਰਾਂ ਤੇ ਆਮ ਜਨਤਾ ਨੂੰ ਹਾਦਸਿਆਂ ਤੋਂ ਬਚਾਓ ਕਰਨ ਦੇ ਢੰਗ ਤਰੀਕੇ ਸਿਖਾਉਣ, ਹਰ ਡਰਾਈਵਰ ਨੂੰ ਟ੍ਰੈਫਿਕ ਨਿਯਮਾਂ ਦੀ ਮੁਕੰਮਲ ਟਰੇਨਿੰਗ ਦੇਣ ਅਤੇ ਸੜਕ ਹਾਦਸਿਆਂ ਵਿਚ ਜਾਨਾਂ ਗੁਆਉਣ ਜਾਂ ਅਪਾਹਜ ਹੋਣ ਵਾਲੇ ਲੋਕਾਂ ਨੂੰ ਸਰਕਾਰ ਵਲੋਂ ਢੁੱਕਵਾਂ ਮੁਆਵਜ਼ਾ ਦੇਣ ਦਾ ਉਪਬੰਧ ਕਰਨ ਦੀ ਬਜਾਏ, ਸਿਰਫ ਕਾਨੂੰਨ ਵਿਚ ਮਾਮੂਲੀ ਤਨਖਾਹਾਂ ਉਤੇ ਕੰਮ ਕਰ ਰਹੇ ਸਮੂਹ ਡਰਾਈਵਰਾਂ ਨੂੰ ਸਖਤ ਸਜ਼ਾ ਤੇ ਭਾਰੀ ਜੁਰਮਾਨੇ ਤਜਵੀਜ਼ ਕਰਕੇ ਅਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਰਹੀ ਹੈ।ਲਿਬਰੇਸ਼ਨ ਆਗੂ ਦਾ ਕਹਿਣਾ ਹੈ ਕਿ ਰੋਡ ਟਰਾਂਸਪੋਰਟ ਦੀ ਸਿਰਫ ਤਿੰਨ ਦਿਨ ਦੀ ਹੜਤਾਲ ਨਾਲ ਹੀ ਜਿਵੇਂ ਦੇਸ਼ ਵਿਚ ਜ਼ਰੂਰੀ ਵਸਤਾਂ ਦੀ ਸਪਲਾਈ ਅਤੇ ਵਪਾਰ ਕਾਰੋਬਾਰ ਠੱਪ ਹੋ ਕੇ ਰਹਿ ਗਏ ਹਨ, ਜਨਤਾ ਦੀ ਸਥਿਤੀ ਵੇਖਦੇ ਹੋਏ ਕੇਂਦਰ ਦੀ ਮੋਦੀ ਸਰਕਾਰ ਤੁਰੰਤ ਇਸ ਮਨਮਾਨੇ ਕਾਨੂੰਨ ਵਿਚ ਲੋੜੀਂਦੀਆਂ ਸੋਧਾਂ ਕਰੇ। ਸਰਕਾਰ ਵਲੋਂ ਫੌਰੀ ਸੁਣਵਾਈ ਨਾ ਕਰਨ ਦੀ ਸੂਰਤ ਵਿਚ ਸੀ ਪੀ ਆਈ (ਐਮ ਐਲ) ਇਸ ਅੰਦੋਲਨ ਵਿਚ ਸ਼ਾਮਲ ਹੋਣ ਤੋਂ ਵੀ ਗੁਰੇਜ਼ ਨਹੀਂ ਕਰੇਗੀ।

ਏਕ ਸ਼ਾਮ ਪੀਰਾਂ ਫ਼ਕੀਰਾਂ ਦੇ ਨਾਮ ਸਮਾਗਮ ਕਰਵਾਇਆ

ਸ੍ਰੀ ਮੁਕਤਸਰ ਸਾਹਿਬ, (ਪੂਜਾ)- ਸਥਾਨਕ ਗਾਂਧੀ ਨਗਰ ਗਲੀ ਨੰਬਰ 2 ਨੇੜੇ ਬਾਬਾ ਬੱਗੂ ਭਗਤ ਦਰਬਾਰ ਸ੍ਰੀ ਮੁਕਤਸਰ ਸਾਹਿਬ ਵਿਖੇ ਸਮੂਹ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਏਕ ਸ਼ਾਮ ਪੀਰਾਂ ਫ਼ਕੀਰਾਂ ਦੇ ਨਾਮ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਸੁਖਵਿੰਦਰ ਬਬਲੂ ਤੇ ਗੁਰਵਿੰਦਰ ਯਮਲਾ ਵਲੋਂ ਸਾਈਂ ਜੀ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਇਸ ਮੌਕੇ ਹਨੀ ਫੱਤਣਵਾਲਾ ਨੇ ਕਿਹਾ ਕਿ ਅਜਿਹੇ ਸਮਾਗਮ ਕਰਵਾਉਣਾ ਸ਼ਲਾਘਾਯੋਗ ਕਦਮ ਹੈ ਅਤੇ ਸਾਨੂੰ ਸਭ ਨੂੰ ਅਜਿਹੇ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਦੌਰਾਨ ਜਿੱਥੇ ਹਨੀ ਫੱਤਣਵਾਲਾ ਨੇ ਸ਼ਹਿਰ ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ, ਉੱਥੇ ਪ੍ਰਬੰਧਕਾਂ ਵੱਲੋਂ ਹਨੀ ਫੱਤਣਵਾਲਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪਵਨ ਸ਼ਰਮਾ ਕੌਂਸਲਰ, ਸੌਰਵ ਲੂਣਾ, ਅੰਕਿਤ ਸ਼ਰਮਾ, ਮੁਕੇਸ਼ ਕੁਮਾਰ, ਜੈਰਾਜ ਬਰਾੜ, ਬਿੱਟੂ ਸ਼ਰਮਾ, ਅਨਿਸ਼ ਜੱਗਾ, ਸੂਰਜ ਕੁਮਾਰ, ਰਾਜਨ ਕੁਮਾਰ, ਡਾ. ਗੁਰਦੀਪ ਸਿੰਘ, ਅਸ਼ੀ ਸ਼ਰਮਾ, ਸਾਹਿਲ ਵਧਵਾ ਅਤੇ ਰਾਮਾ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੀ ਸੰਗਤ ਮੌਜੂਦ ਸੀ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ 'ਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਜ਼ਿਲਾ ਮੈਜਿਸਟ੍ਰੇਟ ਡਾ. ਸੇਨੂ ਦੁੱਗਲ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ।ਇਹ ਪਾਬੰਦੀਆਂ 29 ਫਰਵਰੀ ਤੱਕ ਲਾਗੂ ਰਹਿਣਗੀਆਂ ਅਤੇ ਉਲੰਘਣਾ ਕਰਨ ਵਾਲਿਆਂ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਜ਼ਿਲਾ ਮੈਜਿਸਟ੍ਰੇਟ ਨੇ ਕੌਮਾਂਤਰੀ ਸਰਹੱਦ ਅਤੇ ਸਰਹੱਦੀ ਸੁਰੱਖਿਆ ਤਾਰ ਦਰਮਿਆਨ ਅਤੇ ਤਾਰ ਤੋਂ ਭਾਰਤ ਵਾਲੇ ਪਾਸੇ 70 ਤੋਂ 100 ਮੀਟਰ ਥਾਂ 'ਤੇ ਉੱਚੀਆਂ ਫ਼ਸਲਾਂ ਜਿਵੇਂ ਬੀ.ਟੀ. ਨਰਮਾ, ਮੱਕੀ, ਗਵਾਰਾ, ਜਵਾਰ, ਗੰਨਾ, ਸਰ੍ਹੋਂ, ਤੋਰੀਆ, ਸੂਰਜਮੁਖੀ ਅਤੇ ਅਜਿਹੀਆਂ ਹੋਰ ਉੱਚੀਆਂ ਵਧਣ ਵਾਲੀਆਂ ਫ਼ਸਲਾਂ ਬੀਜਣ ਦੀ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। ਬੀ.ਐਸ.ਐਫ. ਦੇ ਅਧਿਕਾਰੀਆਂ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕੌਮਾਂਤਰੀ ਸਰਹੱਦ ਅਤੇ ਸਰਹੱਦੀ ਸੁਰੱਖਿਆ ਤਾਰ ਵਿਚਕਾਰ ਕੁਝ ਕਿਸਾਨ ਬੀ.ਟੀ. ਨਰਮਾ, ਮੱਕੀ, ਗਵਾਰਾ, ਜਵਾਰ, ਗੰਨਾ, ਸਰ੍ਹੋਂ, ਤੋਰੀਆ, ਸੂਰਜਮੁਖੀ ਅਤੇ 3 ਤੋਂ 4 ਫੁਟ ਤੱਕ ਉੱਚੀਆਂ ਹੋਣ ਵਾਲੀਆਂ ਅਜਿਹੀਆਂ ਹੋਰ ਫ਼ਸਲਾਂ ਬੀਜ ਰਹੇ ਹਨ ਜਿਸ ਕਰਕੇ ਇਹ ਪਾਬੰਦੀ ਲਗਾਈ ਗਈ ਹੈ।ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਪੈਂਦੀਆਂ ਸਾਰੀਆਂ ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਉੱਪਰ ਆਮ ਜਨਤਾ/ਵਿਅਕਤੀਆਂ/ਪ੍ਰਦਸ਼ਨਕਾਰੀਆਂ ਨੂੰ ਚੜ੍ਹਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਪੈਂਦੀਆਂ ਸਾਰੀਆਂ ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਦੀ ਸੁਰੱਖਿਆ ਲਈ ਸਬੰਧਤ ਮਹਿਕਮਿਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਅਧਿਕਾਰੀ/ਕਰਮਚਾਰੀ/ਚੌਕੀਦਾਰ ਦੀ 24 ਘੰਟੇ ਲਈ ਡਿਊਟੀ ਲਗਾਉਣ, ਤਾਂ ਜੋ ਕਿਸੇ ਵੀ ਜਥੇਬੰਦੀ ਵੱਲੋਂ ਰੋਸ ਪ੍ਰਦਰਸ਼ਨ ਦੀ ਕਾਰਵਾਈ ਨੂੰ ਰੋਕਿਆ ਜਾ ਸਕੇ।ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਫਾਜ਼ਿਲਕਾ ਵਿੱਚ ਪੈਂਦੇ ਅੰਤਰ-ਰਾਸ਼ਟਰੀ ਬਾਰਡਰ ਏਰੀਆ ਦੇ ਨਾਲ ਲਗਦੇ 4 ਕਿਲੋਮੀਟਰ ਦੇ ਏਰੀਏ ਵਿੱਚ ਕਵਾਡ-ਕਾਪਟਰ (ਡਰੋਨ ਕੈਮਰੇ) ਆਦਿ ਉਡਾਉਣ 'ਤੇ ਪਾਬੰਦੀ ਲਗਾਈ ਹੈ।ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਫਾਜ਼ਿਲਕਾ ਵਿੱਚ ਸਬ ਜੇਲ੍ਹ ਫਾਜ਼ਿਲਕਾ ਦੇ 500 ਵਰਗ ਮੀਟਰ ਏਰੀਆ ਨੂੰ ਨੋ ਡਰੋਨ ਜ਼ੋਨ ਐਲਾਨਿਆ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਡਰੋਨ ਜੋ ਆਮ ਲੋਕਾਂ ਤੱਕ ਆਸਾਨੀ ਨਾਲ ਪਹੁੰਚ ਬਣਾ ਚੁੱਕਿਆ ਹੈ ਅਤੇ ਕੋਈ ਵੀ ਇਸ ਦੀ ਦੁਰਵਰਤੋਂ ਕਰਕੇ ਜੇਲ੍ਹਾਂ ਵਿੱਚ ਬੰਦ ਖਤਰਨਾਕ ਕੈਦੀਆਂ ਤੱਕ ਮੋਬਾਇਲ ਫੋਨ/ਡਰੱਗ ਹਥਿਆਰ ਅਤੇ ਉਨ੍ਹਾਂ ਨੂੰ ਭੱਜਣ ਵਿੱਚ ਮਦਦ ਕਰਨ ਵਾਲੀ ਸਮੱਗਰੀ ਦੀ ਸਪਲਾਈ ਕਰ ਸਕਦਾ ਹੈ। ਜਿਸ ਲਾਲ ਜ਼ਿਲ੍ਹੇ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਜਿਹੇ ਸਖਤ ਕਦਮ ਚੁੱਕਣ ਦੀ ਲੋੜ ਹੈ। ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਫਾਜ਼ਿਲਕਾ ਦੇ ਬਾਰਡਰ ਨੇੜਲੇ ਪਿੰਡਾਂ ਅਤੇ ਬੀ.ਪੀ.ਓਜ਼ ਦੇ ਨੇੜੇ ਸ਼ਾਮ 6 ਵਜੇ ਤੋਂ ਸਵੇਰੇ 8 ਵਜੇ ਤੱਕ ਆਮ ਜਨਤਾ ਨੂੰ ਆਉਣ ਜਾਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਫੌਜ, ਬੀ.ਐਸ.ਐਫ., ਪੁਲਸ, ਠੇਕੇਦਾਰ ਤੇ ਉਹ ਮਜ਼ਦੂਰ ਜੋ ਕਿ ਮਿਲਟਰੀ ਏਰੀਆ ਵਿਚ ਮਜ਼ਦੂਰੀ ਦਾ ਕੰਮ ਕਰਦੇ ਹੋਣ ਜਾਂ ਸਮਰੱਥ ਅਧਿਕਾਰੀ ਵੱਲੋਂ ਜਾਰੀ ਪਰਮਿਟ 'ਤੇ ਲਾਗੂ ਨਹੀਂ ਹੋਣਗੇ।

ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਨਵੇਂ ਸਾਲ ਦੀ ਆਮਦ 'ਤੇ ਸਮਾਗਮ ਕਰਾਇਆ

ਜਗਰਾਉਂ, (ਸੰਜੀਵ ਅਰੋੜਾ) ਬਿਲਡਿੰਗ ਠੇਕੇਦਾਰ ਐਸੋਸੀਏਸ਼ਨ (ਰਜਿ:) ਵੱਲੋਂ ਪੁਰਾਣੇ ਸਾਲ ਨੂੰ ਅਲਵਿਦਾ ਕਹਿਣ ਅਤੇ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਅਤੇ ਸਰਬੱਤ ਦੇ ਭਲੇ ਲਈ ਗੁਰਦੁਆਰਾ ਸ੍ਰੀ ਵਿਸ਼ਵਕਰਮਾ (ਮੰਦਿਰ) ਅੱਡਾ ਰਾਏਕੋਟ ਵਿਖੇ ਸਮਾਗਮ ਕਰਾਇਆ ਗਿਆ। ਇਸ ਮੌਕੇ ਐਸੋਸੀਏਸ਼ਨ ਵੱਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਨਵੇਂ ਸਾਲ ਦੀਆਂ ਸ਼ਹਿਰ ਵਾਸੀਆਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਪ੍ਰਧਾਨ ਰਜਿੰਦਰ ਸਿੰਘ ਰਿਕੂ, ਜਿੰਦਰ ਸਿੰਘ ਵਿਰਦੀ, ਬਲਵੀਰ ਸਿੰਘ ਸਿਵੀਆਂ, ਰਾਜਵੰਤ ਸਿੰਘ ਸੱਗੂ, ਭਵਨਜੀਤ ਸਿੰਘ ਉਭੀ, ਤਰਲੋਚਨ ਸਿੰਘ ਪਨੇਸਰ, ਗੁਰਚਰਨ ਸਿੰਘ ਘਟੌੜੇ, ਸੇਵਕ ਸਿੰਘ ਮੱਲ੍ਹਾ, ਜਸਵੀਰ ਸਿੰਘ ਬੱਬੂ, ਸਿਮਰਨਜੀਤ ਸਿੰਘ ਰਾਹਲਾਂ, ਅਵਤਾਰ ਸਿੰਘ ਮਠਾੜੂ, ਪਰਮਜੀਤ ਸਿੰਘ ਮਠਾੜੂ, ਬਲਵਿੰਦਰ ਸਿੰਘ ਮਠਾੜੂ, ਸਰਵਨ ਸਿੰਘ ਧੰਜਲ, ਜਸਵੀਰ ਸਿੰਘ ਧਾਲੀਵਾਲ, ਸੁਖਦੇਵ ਸਿੰਘ ਪਨੇਸਰ, ਗੁਰਮੇਲ ਸਿੰਘ ਮਠਾੜੂ, ਭੀਮਸੇਨ, ਅਵਤਾਰ ਸਿੰਘ ਗੀਹਲ, ਪਰਮਜੀਤ ਸਿੰਘ ਗੀਹਲ, ਹਰਭਜਨ ਸਿੰਘ ਗੀਹਲ ਤੇ ਬਿੰਦਰਜੀਤ ਸਿੰਘ ਗੀਹਲ ਆਦਿ ਹਾਜ਼ਰ ਸਨ।

ਲਾਈਫ ਲਾਈਨ ਵੈਲਫੇਅਰ ਕਲੱਬ ਨੇ ਲੋੜਵੰਦਾਂ ਨੂੰ ਗਰਮ ਕੱਪੜੇ ਵੰਡੇ

ਬਾਘਾ ਪੁਰਾਣਾ, (ਮਨੀ ਸਿੰਗਲਾ) -ਲਾਈਫ ਲਾਈਨ ਵੈਲਫੇਅਰ ਕਲੱਬ ਕੜਾਕੇ ਦੀ ਪੈ ਰਹੀ ਠੰਢ ਵਿਚ ਵੀ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਆ ਗਿਆ, ਜਿੱਥੇ ਕਿ ਲਾਈਫ ਲਾਈਨ ਵੈਲਫੇਅਰ ਕਲੱਬ ਵੱਲੋਂ ਨਵੇਂ ਸਾਲ 'ਤੇ ਲੋੜਵੰਦਾਂ ਨੂੰ ਬੂਟ, ਜਰਾਬਾਂ, ਗਰਮ ਕੱਪੜੇ, ਕੋਟ, ਕੰਬਲ ਦਿੱਤੇ ਗਏ। ਭਾਵੇਂ ਕੋਰੋਨਾ ਕਾਲ ਹੋਵੇ, ਭਾਵੇਂ ਠੰਢ ਹੋਵੇ, ਭਾਵੇਂ ਗਰਮੀ ਹੋਵੇ ਪਰ

4-Jan-PAGE-3.qxd 1/3/2024 11:07 PM Page 1

ਕਿਸਾਨ ਜਥੇਬੰਦੀਆਂ ਵੱਲੋਂ ਐੱਸ ਐੱਸ ਪੀ/ਡੀ ਐੱਸ ਪੀ ਤਰਨ ਤਾਰਨ ਦੇ ਪੁਤਲੇ ਫੂਕਣ ਦਾ ਐਲਾਨ

ਤਰਨ ਤਾਰਨ (ਨ ਜ਼ ਸ)

ਸੰਯੁਕਤ ਕਿਸਾਨ ਮੋਰਚੇ ਤੇ ਜਮਹੂਰੀ ਜਥੇਬੰਦੀਆਂ ਦੀ ਅਹਿਮ ਮੀਟਿੰਗ ਗਾਂਧੀ ਪਾਰਕ ਵਿੱਚ ਹੋਈ ਜਿਸ ਵਿਚ ਐੱਸਐੱਸਪੀ ਤਰਨ ਤਾਰਨ ਵਲੋਂ ਵਾਅਦਿਆਂ ਤੋਂ ਮੁੱਕਰਨ 'ਤੇ ਦੋਸ਼ੀਆਂ ਦੀ ਪਿੱਠ ਥਾਪੜਨ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਲੋਕਾਂ ਵਿੱਚ ਉਨ੍ਹਾਂ ਦੇ ਪੁਤਲੇ ਫੂਕਣ ਦਾ ਫੈਸਲਾ ਲਿਆ ਗਿਆ।ਯਾਦ ਰਹੇ ਕਿ 20 ਦਸੰਬਰ 2023 ਨੂੰ ਐੱਸਐੱਸਪੀ ਖਿਲਾਫ ਕਿਸਾਨ ਜਥੇਬੰਦੀਆਂ ਵੱਲੋਂ ਲਗਾਏ ਧਰਨੇ ਵਿਚ ਐੱਸਐੱਸਪੀ ਨੇ ਪਿੰਡ ਪੱਧਰੀ ਕਲਾਂ ਦੇ ਸਲਵਿੰਦਰ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਨਾਲ ਹਮਲਾ ਕਰਨ ਵਾਲਿਆਂ ਨੂੰ ਦੋ ਦਿਨਾਂ 'ਚ ਗ੍ਰਿਫਤਾਰ ਕਰਨ ਦਾ ਵਾਅਦਾ ਕੀਤਾ ਸੀ ਪਰ 29 ਦਸੰਬਰ ਤੱਕ ਕੋਈ ਕਾਰਵਾਈ ਨਹੀਂ ਸੀ ਹੋਈ।ਜਥੇਬੰਦੀਆਂ ਦਾ ਵਫਦ ਜਦੋਂ 29 ਨੂੰ ਮਿੱਥੇ ਸਮੇਂ ਤੇ ਐੱਸਐੱਸਪੀ ਨੂੰ ਮਿਲਿਆ ਤਾਂ ਐੱਸਐੱਸਪੀ ਨੇ ਡੀਐੱਸਪੀ ਸਿਟੀ ਦੀ ਰਿਪੋਰਟ ਦਾ ਹਵਾਲਾ ਦੇ ਕੇ ਮਾਮਲਾ ਟਾਲਣਾ ਚਾਹਿਆ। ਵਫਦ ਦੀਆਂ ਦਲੀਲਾਂ ਤੋਂ ਲਾਜਵਾਬ ਐੱਸਐੱਸਪੀ ਨੇ ਜਾਂਚ ਐੱਸਪੀ ਹੈਡਕੁਆਰਟਰ ਤੋਂ ਕਰਵਾਉਣਾ ਪਰਵਾਨ ਕਰ ਲਿਆ।ਅੱਧੇ ਘੰਟੇ ਬਾਅਦ ਹੀ ਜਦੋਂ ਜਾਂਚ ਦੀ ਲਿਖਤੀ ਅਰਜ਼ੀ ਨਰਭਿੰਦਰ ਸਿੰਘ ਐੱਸਐੱਸਪੀ ਨੂੰ ਦੇਣ ਪਹੁੰਚਿਆ ਤਾਂ ਐੱਸਐੱਸਪੀ ਇਸ ਤੋਂ ਵੀ ਮੁੱਕਰ ਗਿਆ ਅਤੇ ਕਿਹਾ ਕਿ ਮੈਂ ਇਕ ਜਾਂਚ ਕਰਵਾਉਣੀ ਸੀ ਉਹ ਹੋ ਗਈ, ਹੁਣ ਨਹੀਂ ਕਰਵਾ ਸਕਦਾ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕੱਲ ਹੰਗਾਮੀ ਮੀਟਿੰਗ ਕਰਕੇ ਐੱਸਐੱਸਪੀ ਦੇ ਇਸ ਤਾਨਾਸ਼ਾਹ ਵਤੀਰੇ ਨੂੰ ਦੋਸ਼ੀਆਂ ਦੀ ਪਿੱਠ ਥਾਪੜਣ ਵਾਲਾ ਅਤੇ ਨਿਆਂ ਤੋਂ ਮੁਨਕਰ ਹੋ ਜਾਣ ਵਾਲਾ ਕਰਾਰ ਦਿੱਤਾ।ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਜਿੱਥੇ ਇਸ ਕੇਸ ਤੇ ਹੋਰਨਾਂ ਕੇਸਾਂ ਦੇ ਸਬੰਧ ਵਿੱਚ ਉਚ ਪੁਲਸ ਅਧਿਕਾਰੀ ਡੀਆਈਜੀ ਫਿਰੋਜ਼ਪੁਰ ਨੂੰ ਮਿਲਿਆ ਜਾਵੇਗਾ ਉਥੇ ਥਾਂ ਪੁਰ ਥਾਂ ਐੱਸਐੱਸਪੀ ਤਰਨ ਤਾਰਨ ਤੇ ਡੀਐੱਸਪੀ ਸਿਟੀ ਦੇ ਤਹਿਸੀਲ ਪੱਧਰ 'ਤੇ 6 ਜਨਵਰੀ ਤੋਂ 15 ਜਨਵਰੀ ਤੱਕ ਪੁਤਲੇ ਫੂਕਣ ਦੇ ਦਿੱਤੇ ਸੱਦੇ ਤਹਿਤ 6 ਜਨਵਰੀ ਨੂੰ ਤਰਨਤਾਰਨ, 8 ਜਨਵਰੀ ਨੂੰ ਪੱਟੀ, 10 ਜਨਵਰੀ ਨੂੰ ਖਡੂਰ ਸਾਹਿਬ, 12 ਜਨਵਰੀ ਨੂੰ ਭਿੱਖੀਵਿੰਡ ਤੇ ਸੁਰਸਿੰਘ ਅਤੇ 15 ਜਨਵਰੀ ਨੂੰ ਝਬਾਲ ਅਤੇ ਹਰੀਕੇ ਵਿੱਖੇ ਪੁਤਲੇ ਫੂਕਣ ਦਾ ਐਲਾਨ ਕੀਤਾ ਹੈ।ਇਸ ਮੀਟਿੰਗ 'ਚ ਜਮਹੂਰੀ ਕਿਸਾਨ ਸਭਾ ਵੱਲੋਂ ਮਾਸਟਰ ਦਲਜੀਤ ਸਿੰਘ ਦਿਆਲਪੁਰਾ, ਰੋਸ਼ਮ ਸਿੰਘ ਫ਼ੇਲੋਕੇ, ਭਜਨ ਸਿੰਘ ਪੱਟੀ, ਜਗੀਰ ਸਿੰਘ ਗੰਡੀਵਿੰਡ, ਮਨਜੀਤ ਸਿੰਘ ਬੱਗੂ, ਕਿਰਤੀ ਕਿਸਾਨ ਯੂਨੀਅਨ ਵੱਲੋਂ ਮਾਸਟਰ ਨੱਛਤਰ ਸਿੰਘ, ਸਤਪਾਲ ਸਿੰਘ ਨੱਥੋਕੇ, ਹਰਵਿੰਦਰ ਸਿੰਘ ਵਲੀਪੁਰ, ਅਜੈਬ ਸਿੰਘ ਦੀਨਪੁਰ, ਕੁੱਲ ਹਿੰਦ ਕਿਸਾਨ ਸਭਾ (1936) ਵੱਲੋਂ ਪੂਰਨ ਸਿੰਘ ਮਾੜੀਮੇਘਾ, ਬਲਕਾਰ ਸਿੰਘ ਵਲਟੋਹਾ, ਸੁਖਦੇਵ ਸਿੰਘ ਮਾਨੋਚਾਹਲ, ਗੁਰਪ੍ਰੀਤ ਸਿੰਘ ਗੰਡੀਵਿੰਡ, ਪ੍ਰਿੰਸੀਪਲ ਦਲਬੀਰ ਸਿੰਘ ਦਿਓਲ, ਖੇਤ ਮਜ਼ਦੂਰ ਸਭਾ ਵੱਲੋਂ ਕਾਮਰੇਡ ਚਰਨ ਸਿੰਘ, ਕੌਮੀ ਕਿਸਾਨ ਯੂਨੀਅਨ ਵੱਲੋਂ ਗੁਰਚਰਨ ਸਿੰਘ ਸਭਰਾ, ਅਜੈਬ ਸਿੰਘ, ਤਰਸੇਮ ਸਿੰਘ, ਕਿਸਾਨ ਸੰਘਰਸ਼ ਕਮੇਟੀ ਵੱਲੋਂ ਹਰਜੀਤ ਰਵੀ, ਇੰਡੀਅਨ ਫਾਰਮਰ ਐਸੋਸੀਏਸ਼ਨ ਵੱਲੋ ਕੁਲਵੰਤ ਸਿੰਘ ਫਤਿਹਾਬਾਦ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੁਲੱਖਣ ਸਿੰਘ ਤੁੜ, ਪੰਜਾਬ ਕਿਸਾਨ ਯੂਨੀਅਨ ਦੇ ਦਲਵਿੰਦਰ ਸਿੰਘ ਨੌਸ਼ਹਿਰਾ ਪਨੂੰਆਂ, ਜਮਹੂਰੀ ਅਧਿਕਾਰ ਸਭਾ ਵੱਲੋ ਨਰਭਿੰਦਰ ,ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਰਾਜਵੰਤ ਸਿੰਘ ਬਾਗੜੀਆਂ, ਤਰਸੇਮ ਸਿੰਘ ਲਾਲੂ ਘੁੰਮਣ, ਨਰਿੰਦਰ ਬੇਦੀ, ਮਹਿਲਾ ਮੁਕਤੀ ਮੋਰਚਾ ਵੱਲੋ ਕੁਲਵਿੰਦਰ ਕੌਰ ਤੋਂ ਇਲਾਵਾ ਪਿੰਡ ਪੱਧਰੀ ਕਲਾਂ ਦੇ ਭਗਵੰਤ ਸਿੰਘ ਤੇ ਬਲਵਿੰਦਰ ਸਿੰਘ ਅਦਿ ਸ਼ਾਮਲ ਸਨ। ਪ੍ਰੈੱਸ ਬਿਆਨ ਜਾਰੀ ਕਰਦਿਆਂ ਕਾਮਰੇਡ ਦਿਆਲਪੁਰਾ ਨੇ ਕਿਹਾ ਕਿ ਪੁਲਸ ਦੋਸ਼ੀਆਂ ਨੂੰ ਲੱਖ ਛੁਪਾਵੇ ਜਾਂ ਹੋਰ ਵਾਰਦਾਤਾਂ ਲਈ ਪਿੱਠ ਥਾਪੜੇ ਜਿੰਨਾ ਚਿਰ ਇਨਸਾਫ਼ ਨਹੀਂ ਮਿਲਦਾ ਇਹ ਸੰਘਰਸ਼ ਜਾਰੀ ਰੱਖਾਂਗੇ।ਉਨ੍ਹਾਂ ਇਨਸਾਫ਼ ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਪੁਲਸ ਦੀ ਤਾਨਾਸ਼ਾਹੀ ਪ੍ਰਵਿਰਤੀ ਨੂੰ ਨੱਥ ਪਾਉਣ ਅਤੇ ਇਨਸਾਫ਼ ਲੈਣ ਲਈ ਵੱਡੀ ਗਿਣਤੀ 'ਚ ਪੁਤਲੇ ਫੂਕਣ ਦੀ ਮੁਹਿੰਮ ਵਿਚ ਸ਼ਾਮਿਲ ਹੋਣ।

ਖਾਣ-ਪੀਣ ਦੇ ਸਾਮਾਨ ਦੀ ਚੈਕਿੰਗ ਦੌਰਾਨ 7 ਸੈਂਪਲ ਭਰੇ, ਇਕ ਨੂੰ ਨੋਟਿਸ

ਗੁਰਦਾਸਪੁਰ, (ਦਿਨੇਸ਼ ਕੁਮਾਰ)

ਕਮਿਸ਼ਨਰ ਫੂਡ ਡਾ. ਅਭਿਨਵ ਤ੍ਰਿਖਾ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੀ ਅਗਵਾਈ ਹੇਠ ਅਸਿਸਟੈਂਟ ਕਮਿਸ਼ਨਰ ਫੂਡ ਡਾ. ਜੇ. ਐੱਸ. ਪੰਨੂੰ ਅਤੇ ਫੂਡ ਸੇਫਟੀ ਅਫਸਰ ਰੇਖਾ ਸ਼ਰਮਾ ਤੇ ਅਧਾਰਤ ਟੀਮ ਨੇ ਖੇਤਰ ਵਿਚ ਖਾਣ-ਪੀਣ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ।ਇਸ ਦੌਰਾਨ ਡੇਅਰੀ ਪਦਾਰਥ, ਮਠਿਆਈ ਅਤੇ ਖਾਣ-ਪੀਣ ਦੇ ਸਾਮਾਨ ਦੀ ਚੈਕਿੰਗ ਕੀਤੀ ਤੇ 7 ਸੈਂਪਲ਼ ਭਰੇ ਗਏ।ਇਕ ਦੁਕਾਨਦਾਰ ਨੂੰ ਸਾਫ-ਸਫਾਈ ਦੀ ਕਮੀ ਕਰਕੇ ਨੋਟਿਸ ਦਿੱਤਾ ਗਿਆ ਕਿ ਜੇਕਰ ਸਫਾਈ ਪ੍ਰਬੰਧ ਠੀਕ ਨਾ ਹੋਏ ਅਤੇ ਐੱਫ. ਐੱਸ. ਐੱਸ. ਏ. ਆਈ. ਦੇ 12 ਗੋਲਡਨ ਰੂਲ ਦੀ ਪਾਲਣਾ ਨਾ ਹੋਈ ਤਾਂ ਬਣਦੀ ਕਾਰਵਾਈ ਕੀਤੀ ਜਾਵੇਗੀ।ਡਾ. ਜੇ. ਐੱਸ. ਪੰਨੂੰ ਨੇ ਕਿਹਾ ਕਿ ਸਮੂਹ ਦੁਕਾਨਦਾਰ ਐੱਫ. ਐੱਸ. ਐੱਸ. ਏ. ਆਈ. ਦੇ ਨਿਯਮਾਂ ਦੀ ਪਾਲਣਾ ਕਰਨ ਤੇ 12 ਗੋਲਡਨ ਰੂਲ ਅਪਣਾਏ ਜਾਣ।ਉਨ੍ਹਾਂ ਕਿਹਾ ਕਿ ਖਾਣ-ਪੀਣ ਦੇ ਸਾਮਾਨ ਵਿਚ ਮਿਲਾਵਟ ਕਰਨ ਵਾਲੇ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ।

ਕਾਂਗਰਸ ਆਪਣੇ ਦਮ 'ਤੇ ਲੜੇਗੀ ਲੋਕ ਸਭਾ ਚੋਣਾਂ : ਸੱਚਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)

ਆਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਵਿਧਾਨ ਸਭਾ ਹਲਕਾ ਮਜੀਠਾ ਦੇ ਸੀਨੀਅਰ ਕਾਂਗਰਸੀ ਆਗੂ ਤੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਰਾਜਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਬੀਤੇ ਦਿਨੀਂ ਬਲਾਕ ਕਾਂਗਰਸ ਮਜੀਠਾ ਦੀ ਹੋਈ ਪ੍ਰਭਾਵਸ਼ਾਲੀ ਮੀਟਿੰਗ ਵਿੱਚ ਆਪਣੀਆਂ ਤੇ ਪਾਰਟੀ ਦੀਆਂ ਭਾਵਨਾਵਾਂ ਤੋਂ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਭਲੀ ਭਾਂਤ ਜਾਣੂ ਕਰਵਾ ਦਿੱਤਾ ਸੀ। ਏਸੇ ਲੜੀ ਦੇ ਤਹਿਤ ਅੱਜ ਹਲਕੇ ਦੇ ਪਿੰਡ ਬੋਪਾਰਾਏ ਵਿੱਚ ਗੁਰਪ੍ਰੀਤ ਸਿੰਘ ਦੇ ਗ੍ਰਹਿ ਵਿਖੇ ਹੋਏ ਇੱਕ ਧਾਰਮਿਕ ਸਮਾਗਮ ਉਪਰੰਤ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੱਚਰ ਨੇ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਪੰਜਾਬ ਵਿੱਚ ਕਾਂਗਰਸ ਪਾਰਟੀ ਆਪਣੇ ਬਲਬੂਤੇ ਤੇ ਲੜਕੇ ਵੱਡੀ ਜਿੱਤ ਪ੍ਰਾਪਤ ਕਰੇਗੀ ਤੇ ਸਾਰਿਆਂ ਦੇ ਭਰਮ ਭੁਲੇਖੇ ਦੂਰ ਹੋ ਜਾਣਗੇ। ਪੱਤਰਕਾਰਾਂ ਵੱਲੋਂ ਆਮ ਆਦਮੀ ਪਾਰਟੀ ਨਾਲ ਸਮਝੌਤੇ ਤਹਿਤ ਚੋਣਾਂ ਲੜਨ ਤੇ ਪੁੱਛੇ ਜਾਣ 'ਤੇ ਗਰਮ ਲਹਿਜੇ ਵਿੱਚ ਸੱਚਰ ਨੇ ਕਿਹਾ ਕਿ ਹਰ ਰੋਜ਼ ਕਾਂਗਰਸੀਆਂ ਨੂੰ ਚੋਰ, ਲੁਟੇਰੇ ਤੇ ਭ੍ਰਿਸ਼ਟ ਕਹਿਣ ਵਾਲੀ ਪਾਰਟੀ ਨਾਲ ਕਿਵੇਂ ਸਟੇਜ ਸਾਂਝੀ ਕੀਤੀ ਜਾ ਸਕਦੀ ਹੈ, ਕੀ ਭਾਜਪਾ ਵਾਂਗ ਜਿਹੜੇ ਪਹਿਲਾਂ ਕੁਰੱਪਟ ਹੁੰਦੇ ਨੇ ਜੇ ਉਹ ਭਾਜਪਾ ਵਿੱਚ ਸ਼ਾਮਲ ਹੋ ਜਾਣ ਤਾਂ ਫਿਰ ਚਿੱਟੇ ਦੁੱਧ ਧੋਤੇ ਹੋ ਜਾਂਦੇ ਹਨ? ਸੱਚਰ ਨੇ ਕਿਹਾ ਕਿ ਪੰਜਾਬ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਜ਼ਮੀਨੀ ਪੱਧਰ ਦੇ ਕਾਂਗਰਸੀ ਆਗੂਆਂ ਵਰਕਰਾਂ ਤੇ ਲੋਕਾਂ ਦੀਆਂ ਭਾਵਨਾਵਾਂ ਤੋਂ ਦਿੱਲੀ ਦੀ ਕਾਂਗਰਸ ਹਾਈਕਮਾਡ ਨੂੰ ਵਿਸਥਾਰਪੂਰਵਕ ਜਾਣਕਾਰੀ ਦੇ ਚੁੱਕੇ ਹਨ। ਇਸ ਲਈ ਕਾਂਗਰਸ ਹਾਈਕਮਾਂਡ ਪੰਜਾਬ ਬਾਰੇ ਫੈਸਲਾ ਬੜਾ ਸੋਚ ਸਮਝ ਕੇ ਲਵੇਗੀ। ਸੱਚਰ ਨੇ ਕਿਹਾ ਕਿ ਮੌਸਮ ਦੇ ਠੀਕ ਹੋਣ ਉਪਰੰਤ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਜਲਦ ਹੀ ਲੋਕਾਂ ਨੂੰ ਲਾਮਬੰਦ ਕਰਨ ਲਈ ਮੀਟਿੰਗਾਂ ਤੇ ਰੈਲੀਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਮੌਕੇ ਸਾਬਕਾ ਚੇਅਰਮੈਨ ਬਲਾਕ ਸੰਮਤੀ ਤਰਸਿੱਕਾ ਗੁਰਮੀਤ ਸਿੰਘ ਭੀਲੋਵਾਲ, ਝਿਲਮਿਲ ਸਿੰਘ ਸਾਧਪੁਰ, ਸਰਪੰਚ ਜਗੀਰ ਸਿੰਘ, ਗੁਰਪ੍ਰੀਤ ਸਿੰਘ ਬੋਪਾਰਾਏ, ਸਿਕੰਦਰ ਸਿੰਘ ਤਾਹਰਪੁਰ, ਸਾਹਿਬ ਸਿੰਘ ਤਰਫਾਨ, ਆੜ੍ਹਤੀ ਤਜਿੰਦਰ ਸਿੰਘ, ਸਤਨਾਮ ਸਿੰਘ ਤਰਫਾਨ ਵੀ ਹਾਜ਼ਰ ਸਨ।

15 ਤੱਕ ਸੇਵਾ ਕੇਂਦਰਾਂ ਦੇ ਸਮੇਂ 'ਚ ਤਬਦੀਲੀ

ਡੇਰਾ ਬਾਬਾ ਨਾਨਕ, ਗੁਰਦਾਲਪੁਰ (ਰਮੇਸ਼ ਸ਼ਰਮਾ/ਜਨਕ ਮਪਾਜਨ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੇਵਾ ਕੇਂਦਰਾਂ ਦਾ ਸਮਾਂ 3 ਜਨਵਰੀ 2024 ਤੋਂ ਸਵੇਰੇ 09:00 ਵਜੇ ਤੋਂ ਸ਼ਾਮ 4:30 ਵਜੇ ਤੱਕ ਦਾ ਕਰ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਡਾਇਰੈਕਟਰ ਪ੍ਰਸ਼ਾਸਕੀ ਸੁਧਾਰ ਵੱਲੋਂ ਜਾਰੀ ਪੱਤਰ ਅਨੁਸਾਰ ਠੰਢ ਦੇ ਮੌਸਮ ਅਤੇ ਧੁੰਦ ਕਾਰਨ ਜ਼ਿਲ੍ਹਿਆਂ ਨੂੰ ਆਪਣੇ ਪੱਧਰ 'ਤੇ ਸੇਵਾ ਕੇਂਦਰਾਂ ਦਾ ਸਮਾਂ ਤਬਦੀਲ ਕਰਨ ਲਈ ਕਿਹਾ ਗਿਆ ਹੈ, ਜਿਸ ਤਹਿਤ ਗੁਰਦਾਸਪੁਰ ਜ਼ਿਲ੍ਹੇ 'ਚ 3 ਜਨਵਰੀ ਤੋਂ ਸਾਰੇ ਸੇਵਾ ਕੇਂਦਰਾਂ ਦਾ ਸਮਾਂ ਸਵੇਰੇ 09:00 ਵਜੇ ਤੋਂ ਸ਼ਾਮ 4:30 ਵਜੇ ਤੱਕ ਕੀਤਾ ਗਿਆ ਹੈ ਜੋ ਕਿ 15 ਜਨਵਰੀ 2024 ਤੱਕ ਲਾਗੂ ਰਹੇਗਾ।

ਸੰਤ ਫਰਾਂਸਿਸ ਸਕੂਲ ਦੀ ਕਰਾਟੇ ਟੀਮ ਨੇ ਇੰਡੋ-ਨੇਪਾਲ 'ਚ ਮਾਰੀਆਂ ਮੱਲਾਂ

ਬਟਾਲਾ (ਡਾ. ਮਲਵਿੰਦਰ ਸਿੰਘ)-ਬੀਤੇ ਦਿਨੀਂ ਮਾਨਕ ਅਤੇ ਜਨਮਜੋਤ ਨੇ ਸਿਲਵਰ ਮੈਡਲ, ਮਨਫਤਿਹ ਸਿੰਘ ਨੇ ਬਰੌਂਜ਼ ਮੈਡਲ ਨੇਪਾਲ ਦੇ ਕੱਠਮਾਂਡੂ ਸ਼ਹਿਰ ਵਿੱਚ ਹੋਈ 18ਵੀਂ ਇੰਡੋ ਨੇਪਾਲ ਕਰਾਟੇ ਚੈਂਪੀਅਨਸ਼ਿਪ 'ਚ ਜਿੱਤੇ।ਖਿਡਾਰੀਆਂ ਨੇ ਇਹ ਮੈਡਲ ਗੁਲਸ਼ਨ ਕੁਮਾਰ ਮਹਿਰਾ ਦੀ ਅਗਵਾਈ ਵਿੱਚ ਖੇਡਦਿਆਂ ਹੋਇਆਂ ਹਾਸਲ ਕੀਤੇ ਹਨ। ਇਸ ਚੈਂਪੀਅਨਸ਼ਿਪ ਵਿੱਚ ਜਿੱਤਾਂ ਪ੍ਰਾਪਤ ਕਰਨ 'ਤੇ ਬਟਾਲਾ ਦੀ ਵਿਸ਼ਵਾਸ ਫਾਊਂਡੇਸ਼ਨ ਦੇ ਚੇਅਰਮੈਨ ਸ਼ੰਮੀ ਕਪੂਰ ਨੇ ਬੱਚਿਆਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਸਕੂਲ ਦੇ ਫਾਦਰ ਸਕਾਈ ਲਾਰਕ ਜਾਰਜ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਹੋਰ ਮਿਹਨਤ ਕਰਨ ਲਈ ਕਿਹਾ।

ਗੋਇੰਦਵਾਲ ਥਰਮਲ ਪਲਾਂਟ ਖਰੀਦ ਕੇ ਸਰਕਾਰ ਨੇ ਦਿੱਤਾ ਸ਼ਾਨਦਾਰ ਤੋਹਫ਼ਾ : ਲਾਲੀ ਮਜੀਠੀਆ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)

ਪੰਜਾਬ ਸਰਕਾਰ ਨੇ ਨਵੇਂ ਸਾਲ ਦੇ ਪਹਿਲੇ ਦਿਨ ਸੂਬੇ ਦੇ ਲੋਕਾਂ ਨੂੰ ਇਕ ਸ਼ਾਨਦਾਰ ਤੋਹਫ਼ਾ ਦਿੱਤਾ ਹੈ।ਗੋਇੰਦਵਾਲ ਸਾਹਿਬ ਵਾਲਾ ਪ੍ਰਾਈਵੇਟ ਥਰਮਲ ਪਲਾਂਟ ਸਰਕਾਰ ਨੇ ਖਰੀਦ ਲਿਆ ਹੈ, ਜਿਸ ਨਾਲ ਲੋਕਾਂ ਦੇ ਪੈਸੇ ਵੀ ਬਚਣਗੇ ਅਤੇ ਬਿਜਲੀ ਵੀ ਸਸਤੀ ਮਿਲੇਗੀ।ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਨੇ ਧਾਰਮਿਕ ਯਾਤਰਾ ਲਈ ਗੱਡੀ ਰਵਾਨਾ ਕਰਨ ਮੌਕੇ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਆਪ ਸਰਕਾਰ ਦੀ ਨੀਅਤ ਅਤੇ ਨੀਤੀ ਸਾਫ਼ ਹੈ।ਇਹ ਪਹਿਲੀ ਸਰਕਾਰ ਹੈ, ਜੋ ਪ੍ਰਾਈਵੇਟ ਅਦਾਰੇ ਖਰੀਦ ਰਹੀ ਹੈ, ਨਹੀਂ ਤਾਂ ਦੇਸ਼ ਅਤੇ ਸੂਬੇ ਦੀਆਂ ਪਿਛਲੀਆਂ ਸਰਕਾਰਾਂ ਦੀ ਨੀਤੀ ਸਰਕਾਰੀ ਅਦਾਰਿਆਂ ਨੂੰ ਵੇਚਣ ਵਾਲੀ ਹੀ ਰਹੀ ਹੈ।ਮਜੀਠੀਆ ਨੇ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਮੰਤਰੀ ਮੰਡਲ ਨੇ ਜੂਨ 2022 ਵਿਚ ਇਸ ਪਲਾਂਟ ਨੂੰ ਖਰੀਦਣ ਲਈ ਮਨਜ਼ੂਰੀ ਦਿੱਤੀ ਸੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰੋਜ਼ਾਨਾ ਲੋਕ ਪੱਖੀ ਫੈਸਲੇ ਲੈ ਰਹੀ ਹੈ।ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਸਰਕਾਰਾਂ ਸਰਕਾਰੀ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ ਵਿਚ ਵੇਚ ਦਿੰਦੀਆਂ ਹਨ, ਪਰ ਪੰਜਾਬ ਵਿਚ ਬਿਲਕੁਲ ਇਸ ਦੇ ਉਲਟ ਆਪ ਸਰਕਾਰ ਨੇ ਪ੍ਰਾਈਵੇਟ ਅਦਾਰਾ ਖਰੀਦ ਕੇ ਇਤਿਹਾਸ ਸਿਰਜਿਆ ਹੈ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਡਾਕਟਰ ਸਤਿੰਦਰ ਕੌਰ ਗਿੱਲ, ਅਵਲਪ੍ਰੀਤ ਸਿੰਘ ਮਜੀਠੀਆ, ਭਾਈ ਦਲੇਰ ਸਿੰਘ ਖਾਲਸਾ ਸਾਧਪੁਰ ਅਤੇ ਜਸਜੀਤ ਸਿੰਘ ਰੰਧਾਵਾ ਦਾ ਆਗੂ ਵੀ ਹਾਜ਼ਰ ਸਨ।

ਚੇਅਰਮੈਨ ਰਮਨ ਬਹਿਲ ਨੇ ਨਵ-ਨਿਯੁਕਤ ਹਾਊਸ ਸਰਜਨਾਂ ਨੂੰ ਨਿਯੁਕਤੀ ਪੱਤਰ ਵੰਡੇ

ਗੁਰਦਾਸਪੁਰ, (ਦਿਨੇਸ਼ ਕੁਮਾਰ)

ਸਿਹਤ ਵਿਭਾਗ ਪੰਜਾਬ ਵਿਚ ਨਵੀਂਆਂ ਭਰਤੀਆਂ ਦਾ ਸਿਲਸਿਲਾ ਨਵੇਂ ਸਾਲ ਵੀ ਜਾਰੀ ਹੈ।ਸਾਲ ਦੀ ਸ਼ੁਰੂਆਤ ਦੇ ਨਾਲ ਹੀ ਜ਼ਿਲ੍ਹਾ ਗੁਰਦਾਸਪੁਰ ਵਿਚ ਹਾਊਸ ਸਰਜਨਾਂ ਦੀ ਭਰਤੀ ਹੋਈ ਹੈ, ਜਿਸ ਤਹਿਤ ਅੱਜ ਦਫਤਰ ਸਿਵਲ ਸਰਜਨ ਗੁਰਦਾਸਪੁਰ ਵਿਖੇ ਨਵ-ਨਿਯੁਕਤ ਹਾਊਸ ਸਰਜਨਾਂ ਨੂੰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ

4-jan-PAGE-4.qxd 1/3/2024 10:51 PM Page 1

ਨਵਾਂ ਜ਼ਮਾਨਾ
ਵੀਰਵਾਰ, 4 ਜਨਵਰੀ 2024

ਮੋਦੀ ਰਾਜ 'ਚ

ਦੇਸ਼ ਦੇ ਲੋਕਤੰਤਰ ਨੂੰ 75 ਸਾਲ ਤੋਂ ਉੱਪਰ ਹੋ ਗਏ ਹਨ, ਪਰ ਜੋ 75 ਸਾਲਾਂ ਵਿਚ ਨਹੀਂ ਹੋਇਆ, ਉਹ ਮੋਦੀ ਦੇ ਦੌਰ ਵਿਚ ਦੇਖਣ ਨੂੰ ਮਿਲ ਰਿਹਾ ਹੈ। ਪ੍ਰਧਾਨ ਮੰਤਰੀ ਅਯੁੱਧਿਆ ਵਿਚ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦੇ ਬਦਲੇ ਦੇਸ਼ ਦੇ ਨਾਗਰਿਕਾਂ ਤੋਂ ਇਕ ਅਦਦ ਵੋਟ ਚਾਹੇਗਾ। ਇਹ ਸਭ ਉਸ ਰਾਮ ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ, ਜਿਸ ਦੇ ਰਾਜ ਨੂੰ ਆਦਰਸ਼ ਰਾਜ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਰਾਮ ਰਾਜ ਵਿਚ ਕੋਈ ਦੀਨ-ਹੀਨ ਨਹੀਂ ਸੀ, ਪਰ ਕੀ ਮੋਦੀ ਆਪਣੇ 10 ਸਾਲ ਦੇ ਰਾਜ ਵਿਚ ਇਨ੍ਹਾਂ ਕਸੌਟੀਆਂ 'ਤੇ ਖਰੇ ਉਤਰੇ ਹਨ? 2014 ਵਿਚ ਮੋਦੀ ਦੇ ਸੱਤਾ 'ਚ ਆਉਣ ਵੇਲੇ ਦੇਸ਼ 'ਤੇ ਕੁੱਲ ਕਰਜ਼ 55 ਲੱਖ ਕਰੋੜ ਰੁਪਏ ਸੀ, ਜਿਹੜਾ ਹੁਣ 205 ਲੱਖ ਕਰੋੜ ਹੋ ਚੁੱਕਾ ਹੈ। ਗਰੀਬੀ ਤੋਂ ਹੇਠਾਂ ਜ਼ਿੰਦਗੀ ਜਿਊਣ ਵਾਲਿਆਂ ਦੀ ਗਿਣਤੀ 22 ਫੀਸਦੀ ਤੋਂ ਉੱਪਰ ਹੋ ਗਈ ਹੈ। ਧਨ ਦਾ ਪੂਰਾ ਕੇਂਦਰੀਕਰਨ ਉੱਪਰਲੇ 5 ਫੀਸਦੀ ਲੋਕਾਂ ਦੇ ਹੱਥਾਂ ਵਿਚ ਹੋ ਚੁੱਕਾ ਹੈ। ਬਾਕੀ ਲੋਕ ਮੋਦੀ ਦੇ ਅਨਾਜ 'ਤੇ ਜਿਊਂਦੇ ਹਨ। ਸਰਕਾਰ ਦੇ ਆਪਣੇ ਅੰਕੜੇ ਦੱਸ ਰਹੇ ਹਨ ਕਿ ਦੇਸ਼ ਵਿਚ 80 ਕਰੋੜ ਲੋਕ ਗਰੀਬ ਹਨ, ਜਿਹੜੇ ਮੁਫਤ ਅਨਾਜ ਨਾਲ ਡੰਗ ਕੱਟ ਰਹੇ ਹਨ। ਨਾਉਮੀਦੀ ਇਸ ਹੱਦ ਤੱਕ ਪੁੱਜ ਚੁੱਕੀ ਹੈ ਕਿ ਲੋਕਾਂ ਨੇ ਰੁਜ਼ਗਾਰ ਦੀ ਇੱਛਾ ਹੀ ਤਿਆਗ ਦਿੱਤੀ ਹੈ। 'ਅੱਛੇ ਦਿਨ' ਦੇ ਵਾਅਦੇ ਨਾਲ ਆਈ ਸਰਕਾਰ ਦੇ 10 ਸਾਲਾਂ ਵਿਚ 22 ਲੱਖ ਲੋਕ ਦੇਸ਼ ਛੱਡ ਕੇ ਵਿਦੇਸ਼ਾਂ ਵਿਚ ਵਸ ਗਏ ਹਨ, ਭਾਵੇਂ ਉੱਥੇ ਉਨ੍ਹਾਂ ਨੂੰ ਮਜ਼ਦੂਰੀ ਕਰਨੀ ਪਵੇ। ਫਰਾਂਸ ਵਿਚ ਰੋਕੇ ਗਏ ਜਹਾਜ਼ ਵਿਚ ਅੱਧੇ ਤੋਂ ਵੱਧ ਮੋਦੀ ਦੇ ਜੱਦੀ ਰਾਜ ਗੁਜਰਾਤ ਦੇ ਸਨ, ਜਿਹੜੇ ਦੁਬਈ ਦੇ ਰਸਤੇ ਨਿਕਾਰਾਗੁਆ ਪੁੱਜ ਕੇ ਕੈਨੇਡਾ ਜਾਂ ਮੈਕਸੀਕੋ ਵੱਲੋਂ ਅਮਰੀਕਾ ਪੁੱਜਣਾ ਚਾਹੁੰਦੇ ਸਨ। ਅਜਿਹਾ ਨਹੀਂ ਕਿ ਇਹ ਗਰੀਬ ਸਨ। ਇਨ੍ਹਾਂ ਸਭ ਨੇ 30-70 ਲੱਖ ਰੁਪਏ ਤੱਕ ਦੇ ਰੱਖੇ ਸਨ। ਦਰਅਸਲ ਉਹ ਇਸ ਦੇਸ਼ ਵਿਚ ਰਹਿਣਾ ਹੀ ਨਹੀਂ ਸਨ ਚਾਹੁੰਦੇ, ਜਿੱਥੇ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ। ਸੋਚਿਆ ਜਾ ਸਕਦਾ ਹੈ ਕਿ ਜੇ ਅਜਿਹੇ ਲੋਕਾਂ ਲਈ ਦੇਸ਼ ਵਿਚ ਕੁਝ ਨਹੀਂ ਬਚਿਆ ਤਾਂ ਸਰਕਾਰੀ ਅਨਾਜ ਨਾਲ ਢਿੱਡ ਭਰਨ ਵਾਲਿਆਂ ਲਈ ਕੀ ਬਚਿਆ ਹੋਵੇਗਾ? ਹਾਲਾਤ ਇੱਥੋਂ ਤੱਕ ਪੁੱਜ ਗਏ ਹਨ ਕਿ ਭਾਰਤ ਦੁਨੀਆ ਲਈ ਮਜ਼ਦੂਰ ਸਪਲਾਈ ਦਾ ਕੇਂਦਰ ਬਣ ਗਿਆ ਹੈ। ਖੁਦ ਨੂੰ 'ਵਿਸ਼ਵ ਗੁਰੂ' ਕਹਾਉਣ ਵਾਲੀ ਸਰਕਾਰ ਨੇ ਇਜ਼ਰਾਈਲ, ਯੂਨਾਨ ਤੇ ਇਟਲੀ ਨੂੰ ਸਸਤੇ ਭਾਅ ਮਜ਼ਦੂਰ ਸਪਲਾਈ ਕਰਨ ਦੇ ਕਰਾਰ ਕੀਤੇ ਹਨ। 18 ਹਜ਼ਾਰ ਮਜ਼ਦੂਰ ਇਟਲੀ ਭੇਜੇ ਜਾਣੇ ਹਨ। ਇਸ ਨੇ ਉਹ ਅੰਗਰੇਜ਼ੀ ਰਾਜ ਚੇਤੇ ਕਰਾ ਦਿੱਤਾ ਹੈ, ਜਦੋਂ ਅੰਗਰੇਜ਼ ਗਰੀਬ ਮਜ਼ਦੂਰਾਂ ਨੂੰ ਵੱਡੀ ਗਿਣਤੀ ਵਿਚ ਮਾਰੀਸ਼ਸ ਤੋਂ ਲੈ ਕੇ ਅਫਰੀਕਾ ਦੇ ਕਈ ਦੇਸ਼ਾਂ ਵਿਚ ਲੈ ਗਏ ਸਨ। ਸੱਤਾ ਵਿਚ ਆਉਣ ਤੋਂ ਪਹਿਲਾਂ ਮੋਦੀ ਦੀ ਪਾਰਟੀ ਨੇ ਦੋ ਕਰੋੜ ਲੋਕਾਂ ਨੂੰ ਹਰ ਸਾਲ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ। ਦੇਸ਼ ਦੇ ਹਾਲਾਤ ਏਨੇ ਨਿਘਰਨ ਦੇ ਬਾਵਜੂਦ ਭਾਜਪਾ ਨੇ ਧਰਮ ਤੇ ਫਿਰਕਿਆਂ ਦੀ ਸਿਆਸਤ ਕਰਕੇ ਏਨੇ ਅੰਧ-ਭਗਤ ਬਣਾ ਲਏ ਹਨ ਕਿ ਉਹ ਮਜ਼ਦੂਰਾਂ ਦੀ ਵਿਦੇਸ਼ਾਂ ਨੂੰ ਸਪਲਾਈ ਨੂੰ ਵੀ ਮੋਦੀ ਦਾ ਮਾਸਟਰ ਸਟਰੋਕ ਕਹਿ ਸਕਦੇ ਹਨ।

ਸਿਰਾਂ ਵਾਲੇ ਧੜ...

ਕਣ-ਕਣ 'ਚ ਝੂਠ ਹੈ, ਕੈਦੀ ਰੱਬ ਬਣਾਇਆ,
ਉਂਗਲੀ ਫੜ ਕੇ ਫੁੱਲ ਦੀ, ਰਾਮ ਘਰੇ ਹੈ ਆਇਆ।
ਆਇਆ ਚੱਲ ਗੁਜਰਾਤ ਤੋਂ, ਡੇਰਾ ਕਾਸ਼ੀ ਲਾਇਆ,
ਪਹਿਲਾਂ ਸੀ ਜੋ ਆਖਦਾ, ਗੰਗਾ ਆਣ ਬੁਲਾਇਆ।
ਸਿਰਾਂ ਵਿਹੂਣੀ ਭੀੜ ਨੂੰ, ਵੋਟ ਥੈਲੀ 'ਚ ਪਾਇਆ।
ਹੇਟ ਦਾ ਜ਼ਹਿਰ ਖਿਲਾ ਕੇ, ਅੰਬਰਾਂ 'ਤੇ ਛਾਇਆ,
ਪੂਰੇ ਦੇਸ਼ ਦੀ ਅਕਲ ਨੂੰ, ਉਂਗਲਾਂ 'ਤੇ ਨਚਾਇਆ।
ਖੋਹ ਲਈ ਸ਼ਰਮ ਵਿਰੋਧ ਦੀ, ਇੱਕ ਇਕੱਲਾ ਸਾਇਆ,
ਬੇਜਾਨ ਇੱਕ ਮੂਰਤੀ ਨੂੰ, ਰੰਗ-ਰੋਗਨ ਕਰਵਾਇਆ।
ਲੋਕ ਰਾਜ ਦਾ ਦੱਬਿਆ, ਹੇਠ ਉਹਦੇ ਸਰਮਾਇਆ,
ਦਿੰਦਾ ਉਗਲ ਸਵੇਰ ਨੂੰ, ਇੱਕ ਦਿਨ ਪਹਿਲਾਂ ਖਾਇਆ,
ਸਿਰਾਂ ਵਾਲੇ ਧੜ ਸੋਚਦੇ, ਕਦ ਪਲਟੇਗੀ ਕਾਇਆ।

-ਗੁਲਪੁਰ

ਬਾਬਾ ਸੋਹਣ ਸਿੰਘ ਭਕਨਾ ਨੇ 26 ਸਾਲ ਜੇਲ੍ਹ 'ਚ ਗੁਜ਼ਾਰੇ

ਪਿਰਥੀਪਾਲ ਸਿੰਘ ਮਾੜੀਮੇਘਾ

ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਨੇ ਹਿੰਦੁਸਤਾਨ ਦੀ ਵਸੋਂ ਨੂੰ ਖੁਸ਼ਹਾਲ ਬਣਾਉਣ ਦੀ ਜੱਦੋ-ਜਹਿਦ ਵਿੱਚ ਜ਼ਿੰਦਗੀ ਦੇ 26 ਸਾਲ ਜੇਲ੍ਹ ਵਿੱਚ ਗੁਜ਼ਾਰੇ ਸਨ । ਜੇਲ੍ਹ ਦੀਆਂ ਸਖ਼ਤੀਆਂ ਨਾਲ ਉਨ੍ਹਾਂ ਦਾ ਸਰੀਰ ਸਦਾ ਲਈ ਕੁੱਬਾ ਹੋ ਗਿਆ ਸੀ।

ਇਸ ਮਹਾਨ ਦੇਸ਼ ਭਗਤ ਦਾ ਜਨਮ ਆਪਣੇ ਨਾਨਕੇ ਪਿੰਡ ਖਤਰਾਏ ਖੁਰਦ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 4 ਜਨਵਰੀ 1870 ਨੂੰ ਹੋਇਆ ਸੀ ।ਇਨ੍ਹਾਂ ਦੇ ਪਿਤਾ ਕਰਮ ਸਿੰਘ ਸ਼ੇਰਗਿੱਲ, ਜਨਮਦਾਤੀ ਮਾਤਾ ਰਾਮ ਕੌਰ, ਧਰਮ ਮਾਤਾ ਹਰ ਕੌਰ ਅਤੇ ਦਾਦੀ ਮਾਂ ਹੁਕਮ ਕੌਰ ਸਨ । ਬਾਬਾ ਸੋਹਨ ਸਿੰਘ ਪਰਵਾਰ ਦੀ ਇਕਲੌਤੀ ਔਲਾਦ ਸਨ ਤੇ ਜ਼ਮੀਨ 65 ਏਕੜ ਸੀ।

ਬਾਬਾ ਸੋਹਣ ਸਿੰਘ ਭਕਨਾ 4 ਅਪ੍ਰੈਲ 1909 ਨੂੰ ਅਮਰੀਕਾ ਪਹੁੰਚ ਗਏ ਤੇ ਉੱਥੇ ਜਾ ਕੇ ਉਨ੍ਹਾਂ ਨੇ ਕੇਹਰ ਸਿੰਘ ਨਾਲ ਰਲ ਕੇ ਵਪਾਰ ਕਰਨ ਲਈ 'ਹਿੰਦੀ ਬ੍ਰਦਰਜ਼' ਨਾਂਅ ਦੀ ਕੰਪਨੀ ਬਣਾ ਲਈ । ਇਨ੍ਹਾਂ ਨੇ ਵਪਾਰ ਲਈ ਮੁਰਾਦਾਬਾਦ ਤੋਂ ਪਿੱਤਲ ਦੇ ਫੁੱਲ-ਦਾਨ, ਕੈਂਡਲ, ਤਾਸੀਆਂ ਆਦਿ ਸਾਮਾਨ ਮੰਗਵਾਇਆ । ਅਮਰੀਕਾ ਨੇ ਜ਼ਬਰਦਸਤ ਮਸੂਲ ਜੜ੍ਹ ਦਿੱਤਾ ਤੇ ਚੀਜ਼ਾਂ ਮਹਿੰਗੀਆਂ ਹੋਣ ਕਰਕੇ ਲੋਕਾਂ ਨੇ ਨਾ ਖਰੀਦੀਆਂ । ਅਖੀਰ ਕੰਪਨੀ ਬੰਦ ਕਰਨੀ ਪਈ।

ਅਮਰੀਕਾ ਵੱਸਦੇ ਹਿੰਦੀ ਕਿਰਤੀਆਂ ਨੇ ਜਿਨ੍ਹਾਂ ਵਿੱਚ 90 ਫੀਸਦੀ ਸਿੱਖ ਸਨ, ਭਾਰਤ ਨੂੰ ਆਜ਼ਾਦ ਕਰਾਉਣ ਲਈ 21 ਅਪ੍ਰੈਲ 1913 ਨੂੰ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਨਾਂਅ ਦੀ ਜਥੇਬੰਦੀ ਬਣਾਈ, ਜੋ ਬਾਅਦ ਵਿੱਚ ਗਦਰ ਪਾਰਟੀ ਦੇ ਨਾਂਅ ਨਾਲ ਮਸ਼ਹੂਰ ਹੋਈ। ਬਾਬਾ ਸੋਹਣ ਸਿੰਘ ਭਕਨਾ ਇਸ ਜਥੇਬੰਦੀ ਦੇ ਬਾਨੀ ਪ੍ਰਧਾਨ ਸਨ।

ਅਖੀਰ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ ਹਿੰਦੀ ਕਿਰਤੀ ਦੇਸ਼ ਭਗਤ ਹਿੰਦ ਦੀ ਆਜ਼ਾਦੀ ਲਈ ਵਿਦੇਸ਼ਾਂ ਵਿੱਚੋਂ ਤੁਰ ਪਏ, ਪਰ ਅੰਗਰੇਜ਼ਾਂ ਨੇ ਬਹੁਤਿਆਂ ਨੂੰ ਹਿੰਦੁਸਤਾਨ ਦੀ ਧਰਤੀ 'ਤੇ ਪੈਰ ਨਾ ਧਰਨ ਦਿੱਤਾ ਤੇ ਸਮੁੰਦਰੀ ਜਹਾਜ਼ਾਂ 'ਚੋਂ ਹੀ ਗ੍ਰਿਫਤਾਰ ਕਰ ਲਿਆ। ਬਾਬਾ ਸੋਹਣ ਸਿੰਘ ਭਕਨਾ ਨੂੰ ਮੁਲਤਾਨ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ । ਹਾਕਮਾਂ ਨੇ ਬਾਬਾ ਜੀ ਨੂੰ ਜਾਣਬੁੱਝ ਕੇ ਫਾਂਸੀ ਘਰ ਦੇ ਨਾਲ ਬੈਰਕ ਦਿੱਤੀ ਕਿ ਉਹ ਲਗਾਤਾਰ ਦਿੱਤੀਆਂ ਜਾ ਰਹੀਆਂ ਫਾਂਸੀਆਂ ਨੂੰ ਵੇਖ ਕੇ ਡਰ ਜਾਣ ਤੇ ਗ਼ਦਰ ਦੀ ਸਾਰੀ ਯੋਜਨਾ ਦੱਸ ਦੇਣ, ਪਰ ਉਹ ਸ਼ੇਰ ਦੀ ਤਰ੍ਹਾਂ ਅਡੋਲ ਰਹੇ।

ਇੱਕ ਵਾਰ ਜੇਲ੍ਹ ਵਿੱਚ ਆਪਣੇ-ਆਪ ਨੂੰ ਖੱਬੀ ਖਾਨ ਸਮਝਦਾ ਗਵਰਨਰ ਉਡਵਾਇਰ ਆਇਆ ਤੇ ਆਖਦਾ ਕਿ ਤੁਹਾਡੇ 'ਚੋਂ ਜਿਹੜਾ ਕਹਿੰਦਾ ਪੰਜਾਬ ਸਾਡਾ ਹੈ, ਉਹ ਅੱਗੇ ਨਿਕਲ ਆਏ । ਸਾਰੇ ਗ਼ਦਰੀ ਹੀ ਇੱਕ ਕਦਮ ਅਗਾਂਹ ਹੋ ਗਏ। ਬਾਬਾ ਭਕਨਾ ਆਪਣੇ ਸਾਥੀਆਂ ਤੋਂ ਵੀ ਇੱਕ ਕਦਮ ਅੱਗੇ ਹੋ ਕੇ ਆਖਦਾ ਕਿ, 'ਸਿਰਫ਼ ਪੰਜਾਬ ਹੀ ਨਹੀਂ, ਪੂਰਾ ਹਿੰਦੁਸਤਾਨ ਸਾਡਾ ਏ'।

ਸਾਰੇ ਗ਼ਦਰੀਆਂ ਨੂੰ ਸਜ਼ਾ ਦੇਣ ਵਾਸਤੇ ਸੈਂਟਰਲ ਜੇਲ੍ਹ ਲਾਹੌਰ ਲਿਆਂਦਾ ਤੇ ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋ ਗਈ। ਅੰਗਰੇਜ਼ਾਂ ਦੇ ਸਿਪਾਹੀ ਬੜੇ ਤੰਗ ਕਰਦੇ ਸਨ, ਪਰ ਪਿੰਜਰਿਆਂ ਵਿੱਚ ਡੱਕੇ ਸ਼ੇਰਾਂ ਦਾ ਕੋਈ ਚਾਰਾ ਨਹੀਂ ਸੀ ਚੱਲਦਾ । ਅਖੌਤੀ ਗਵਾਹ ਗ਼ਦਰੀਆਂ ਦੀ ਪਛਾਣ ਵਾਸਤੇ ਭੁਗਤਾਏ ਜਾ ਰਹੇ ਸਨ। ਇਨ੍ਹਾਂ ਗਵਾਹੀਆਂ ਤੋਂ ਗੁੱਸੇ ਵਿੱਚ ਆ ਕੇ ਇੱਕ ਦਿਨ ਭਾਈ ਜਵਾਲਾ ਸਿੰਘ ਠੱਠੀਆਂ ਨੇ ਚੀਕ ਕੇ ਕਿਹਾ 'ਨੋ ਜਸਟਿਸ, ਨੋ ਜਸਟਿਸ' ਤੇ ਵਕੀਲ ਨਾਲ ਵੀ ਝੜਪ ਹੋ ਗਈ। ਜੱਜ ਨੇ ਤੀਹ ਬੈਂਤਾਂ ਦੀ ਸਜ਼ਾ ਦੇ ਦਿੱਤੀ । ਇਸ ਮੌਕੇ ਬਾਬਾ ਸੋਹਣ ਸਿੰਘ ਭਕਨਾ ਨੇ ਰੋਹ ਵਿੱਚ ਆ ਕੇ ਕਿਹਾ, 'ਇਹ ਅਦਾਲਤ ਨਹੀਂ ਬੁੱਚੜਖਾਨਾ ਏ । ਅਸੀਂ ਅੱਜ ਤੋਂ ਇਹਦਾ ਉੱਕਾ ਬਾਈਕਾਟ ਕਰਦੇ ਆਂ । ਕੋਈ ਵਕੀਲ ਸਾਡੇ ਵੱਲੋਂ ਗਵਾਹਾਂ ਉਤੇ ਬਹਿਸ ਨਾ ਕਰੇ'।

ਬਾਬਾ ਸੋਹਣ ਸਿੰਘ ਭਕਨਾ ਸਮੇਤ ਗ਼ਦਰੀਆਂ ਨੂੰ ਕਾਲੇ ਪਾਣੀ ਜੇਲ੍ਹ ਦੀ ਸਜ਼ਾ ਦੇ ਦਿੱਤੀ ਗਈ। ਕਾਲੇ ਪਾਣੀ ਦੀ ਜੇਲ੍ਹ ਬੰਦੇ ਖਾਣੀ ਸੀ। ਗ਼ਦਰੀ ਆਮ ਹੀ ਜੇਲ੍ਹ ਅਧਿਕਾਰੀਆਂ ਵਿਰੁੱਧ ਸੰਘਰਸ਼ ਕਰਦੇ ਰਹਿੰਦੇ ਸਨ । ਇੱਕ ਵਾਰ ਮਿਸਟਰ ਮਿਲਹਰ ਜੇਲ੍ਹਰ ਬਣ ਕੇ ਆਇਆ । ਉਹ ਬੜਾ ਸੁੱਘੜ-ਸਿਆਣਾ ਤੇ ਮਿੱਠ-ਬੋਲੜਾ ਸੀ। ਉਸ ਨੇ ਸਿਆਣੇ ਕੈਦੀਆਂ ਨੂੰ ਆਗੂ ਚੁਣ ਕੇ ਕਮੇਟੀਆਂ ਬਣਾ ਦਿੱਤੀਆਂ ਤੇ ਸਾਰੇ ਪ੍ਰਬੰਧ ਉਨ੍ਹਾਂ ਨੂੰ ਸੌਂਪ ਦਿੱਤੇ। ਬਾਬਾ ਸੋਹਣ ਸਿੰਘ ਭਕਨਾ ਜੀ ਜੇਲ੍ਹ ਸਟਾਫ ਦੇ ਬੱਚਿਆਂ ਨੂੰ ਪੜ੍ਹਾਉਂਦੇ ਸਨ।

ਅਖੀਰ ਗਦਰੀਆਂ ਨੇ ਰਾਜਨੀਤਕ ਕੈਦੀਆਂ ਨੂੰ ਇਸ ਜੇਲ੍ਹ ਵਿੱਚ ਨਾ ਭੇਜਣ ਲਈ ਸੰਘਰਸ਼ ਆਰੰਭ ਦਿੱਤਾ ਤੇ ਅੰਤ ਗ਼ਦਰੀਆਂ ਦੀ ਜਿੱਤ ਹੋਈ। ਬਾਬਾ ਸੋਹਣ ਸਿੰਘ ਭਕਨਾ ਨੂੰ ਕੋਇੰਬਟੂਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ । ਉਸ ਜੇਲ੍ਹ ਵਿੱਚ ਆਜ਼ਾਦੀ ਘੁਲਾਟੀਏ ਮੋਪਲੇ ਤਾੜੇ ਹੋਏ ਸਨ ।ਅੰਗਰੇਜ਼ ਹਾਕਮ ਰੋਜ਼ਾਨਾ ਸੱਤ-ਅੱਠ ਮੋਪਲਿਆਂ ਨੂੰ ਫਾਂਸੀ ਦੇ ਕੇ ਮੌਤ ਦੇ ਘਾਟ ਉਤਾਰਦੇ ਸਨ । ਪਿੱਛੇ ਮੋਪਲਿਆਂ ਦੇ ਬੱਚੇ ਭੁੱਖ ਨਾਲ ਵਿਲਕਦੇ ਵੇਖ ਕੇ ਗ਼ਦਰੀਆਂ ਕੋਲੋਂ ਸਹਾਰੇ ਨਾ ਗਏ। ਗ਼ਦਰੀਆਂ ਨੇ ਆਪਣਾ ਅਤੇ ਜੇਲ੍ਹ ਦਾ ਰਾਸ਼ਨ ਚੋਰੀ ਕਰਕੇ ਬੱਚਿਆਂ ਨੂੰ ਖਵਾਉਣਾ ਸ਼ੁਰੂ ਕਰ ਦਿੱਤਾ । ਅਖੀਰ ਜ਼ਾਲਮਾਂ ਨੂੰ ਪਤਾ ਲੱਗ ਗਿਆ ਤੇ ਗ਼ਦਰੀ ਜਵਾਲਾ ਸਿੰਘ ਨੂੰ 30 ਬੈਂਤ ਦੀ ਸਜ਼ਾ ਹੋਈ । ਬਾਬਾ ਸੋਹਣ ਸਿੰਘ ਭਕਨਾ ਤੇ ਹਰੀ ਸਿੰਘ ਕੱਕੜ ਨੂੰ ਯਰਵਦਾ ਜੇਲ੍ਹ ਭੇਜ ਦਿੱਤਾ ਗਿਆ।

ਜੇਲ੍ਹ ਯਾਤਰਾ ਦੌਰਾਨ ਬਾਬਾ ਭਕਨਾ ਸੈਂਟਰਲ ਜੇਲ੍ਹ ਲਾਹੌਰ ਪਹੁੰਚ ਗਏ । ਜੇਲ੍ਹ ਵਿੱਚ ਭਗਤ ਸਿੰਘ ਬਾਬਾ ਸੋਹਣ ਸਿੰਘ ਭਕਨਾ ਨੂੰ ਮਿਲਿਆ ਤੇ ਬਾਬਾ ਜੀ ਨੇ ਭਗਤ ਸਿੰਘ ਨੂੰ ਇਨਕਲਾਬੀ ਕੰਮਾਂ ਵਿੱਚ ਪੈ ਜਾਣ ਦਾ ਕਾਰਨ ਪੁੱਛਿਆ ਤੇ ਉਸ ਨੇ ਹੱਸਦਿਆਂ ਕਿਹਾ, 'ਸਾਰਾ ਕਸੂਰ ਤੁਹਾਡਾ ਏ ਬਾਬਾ ਜੀ । ਜੇ ਕਰਤਾਰ ਸਿੰਘ ਸਰਾਭਾ ਵਰਗੇ ਫਾਂਸੀ ਨਾ ਲਗਦੇ ਤੇ ਤੁਹਾਡੇ ਵਰਗੇ ਕਾਲੇ ਪਾਣੀ ਦੀਆਂ ਜੇਲ੍ਹਾਂ ਵਿੱਚ ਹੱਡ ਨਾ ਰੋਲਦੇ ਤਾਂ ਮੈਂ ਇਧਰ ਨਾ ਆਉਂਦਾ'।

ਬਾਬਾ ਸੋਹਣ ਭਕਨਾ ਰਿਹਾਈ ਤੋਂ ਬਾਅਦ ਪੰਜਾਬ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਣੇ। ਇਸ ਜਥੇਬੰਦੀ ਦੇ ਮੋਢੀ ਬਾਬਾ ਜਵਾਲਾ ਸਿੰਘ ਠੱਠੀਆਂ ਸਨ । ਬਾਬਾ ਭਕਨਾ ਜੀ ਅੰਮ੍ਰਿਤਸਰ ਵਿਖੇ ਕਿਸਾਨਾਂ ਦੇ ਇੱਕ ਜਲੂਸ ਦੀ ਅਗਵਾਈ ਕਰ ਰਹੇ ਸਨ ਤੇ ਪੁਲਸ ਨੇ ਬਜ਼ੁਰਗ ਬਾਬਾ ਭਕਨਾ ਨੂੰ ਵੀ ਨਾ ਬਖ਼ਸ਼ਿਆ ਤੇ ਬੁੱਢੇ ਸਰੀਰ 'ਤੇ ਡਾਂਗਾਂ ਵਰ੍ਹਾ ਦਿੱਤੀਆਂ। ਬਾਬਾ ਭਕਨਾ 1939 ਵਿੱਚ ਆਲ ਇੰਡੀਆ ਕਿਸਾਨ ਸਭਾ ਦੇ ਵੀ ਪ੍ਰਧਾਨ ਬਣੇ ਸਨ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 1935 ਵਿੱਚ ਚੋਣ ਹੋਈ ਤੇ ਮਾਸਟਰ ਤਾਰਾ ਸਿੰਘ ਤੇ ਗਿਆਨੀ ਸ਼ੇਰ ਸਿੰਘ ਗਰੁੱਪ ਇੱਕ-ਦੂਸਰੇ ਵਿਰੁੱਧ ਡਟ ਗਏ। ਦੋਵਾਂ ਧਿਰਾਂ ਨੇ ਸੰਤ ਵਿਸਾਖਾ ਸਿੰਘ ਦਦੇਹਰ ਨੂੰ ਸਾਲਸ ਚੁਣ ਲਿਆ, ਪਰ ਉਨ੍ਹਾਂ ਨੇ ਇਹ ਜ਼ਿੰਮੇਵਾਰੀ ਬਾਬਾ ਸੋਹਣ ਸਿੰਘ ਭਕਨਾ ਨੂੰ ਸੌਂਪ ਦਿੱਤੀ। ਬਾਬਾ ਜੀ ਨੇ ਦੋਹਾਂ ਧਿਰਾਂ ਨੂੰ ਸਮਝਾ ਕੇ ਚੰਗੇ ਆਦਮੀਆਂ ਨੂੰ ਅੱਗੇ ਆਉਣ ਦਾ ਮੌਕਾ ਦਿੱਤਾ ।

ਬਾਬਾ ਸੋਹਣ ਸਿੰਘ ਭਕਨਾ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਵੀ ਪ੍ਰਧਾਨ ਬਣੇ ਤੇ ਉਨ੍ਹਾਂ ਨੇ ਦੇਸ਼ ਭਗਤ ਯਾਦਗਾਰ ਉਸਾਰਨ ਵਾਸਤੇ 10 ਏਕੜ ਜ਼ਮੀਨ ਕਮੇਟੀ ਦੇ ਨਾਂਅ ਲਾਈ (ਲਿਖਤ ਜਸਬੀਰ ਸਿੰਘ ਜੱਸ)। ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ 1960 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲੇ। ਬਾਬਾ ਜੀ ਨੇ ਪੰਡਤ ਜੀ ਨੂੰ ਕਿਹਾ, 'ਅਸੀਂ ਸਾਰੇ ਭਾਰਤ ਨੂੰ ਆਨੰਦ ਭਵਨ ਵੇਖਣਾ ਚਾਹੁੰਨੇ ਆਂ। ਸ਼ਹੀਦਾਂ ਦੇ ਖ਼ੂਨ ਦੀ ਕਦਰ ਹੋਣੀ ਚਾਹੀਦੀ ਏ, ਕਿਉਂਕਿ ਉਨ੍ਹਾਂ ਦੀ ਕੁਰਬਾਨੀ ਤੋਂ ਬਗ਼ੈਰ, ਲਹੂ ਵਹਾਇਆਂ ਇਹ ਆਜ਼ਾਦੀ ਨਹੀਂ ਸੀ ਮਿਲ ਸਕਦੀ'।

ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਬਾਬਾ ਜੀ ਨੂੰ ਆਸ਼ਰਮ ਭਕਨਾ ਵਿਖੇ ਆ ਕੇ ਮਿਲੇ ਤੇ ਕਿਹਾ, 'ਬਾਬਾ ਜੀ, ਤੁਸੀਂ ਦੇਸ਼ ਲਈ ਬੜਾ ਕੁੱਝ ਕੀਤਾ ਏ। ਤੁਹਾਨੂੰ ਸ਼ਿਮਲੇ ਵਿੱਚ ਆਲੀਸ਼ਾਨ ਕੋਠੀ ਅਲਾਟ ਹੋਏਗੀ। ਸਾਰੀਆਂ ਸਹੂਲਤਾਂ ਹੋਣਗੀਆਂ। ਬੇਨਤੀ ਮੰਨ ਲਵੋ ਤੇ ਮੇਰੇ ਨਾਲ ਚੱਲੋ । ਬਾਬਾ ਜੀ ਨੇ ਕਿਹਾ, 'ਕੈਰੋਂ ਸਾਹਿਬ, ਮੈਂ ਜਿਨ੍ਹਾਂ ਲੋਕਾਂ ਵਿੱਚ ਜੰਮਿਆ-ਪਲਿਆ, ਉਨ੍ਹਾਂ ਵਿੱਚ ਹੀ ਰਹਿਣਾ। ਮੈਨੂੰ ਉਨ੍ਹਾਂ ਤੋਂ ਅੱਡ ਨਾ ਕਰੋ'।

ਜਦੋਂ ਉਹ ਬਜ਼ੁਰਗ ਅਵਸਥਾ ਵਿੱਚ ਜ਼ਿਆਦਾ ਬਿਮਾਰ ਹੋ ਗਏ। ਕਾਮਰੇਡ ਸੱਤਪਾਲ ਡਾਂਗ ਨੇ ਸਰਕਾਰ ਨੂੰ ਕਿਹਾ ਤੇ ਸਰਕਾਰ ਨੇ ਬਾਬਾ ਜੀ ਨੂੰ ਸਪੈਸ

4-JAN-PAGE-5.qxd 1/3/2024 10:41 PM Page 1

ਨਾਨ-ਟੀਚਿੰਗ ਕਰਮਚਾਰੀਆਂ ਵੱਲੋਂ ਖਟਕੜ ਕਲਾਂ 'ਚ ਰੋਸ ਪ੍ਰਦਰਸ਼ਨ ਕਰਨ ਦਾ ਫ਼ੈਸਲਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਫ਼ਿਰੋਜ਼ਪੁਰ ਸ਼ਹਿਰ ਦੀ ਨਾਨ-ਟੀਚਿੰਗ ਯੂਨੀਅਨ ਦੀ ਲੋਕਲ ਇਕਾਈ ਵੱਲੋਂ ਸੈਂਟਰ ਯੂਨੀਅਨ ਦੇ ਸੱਦੇ 'ਤੇ ਪੰਜਾਬ ਸਰਕਾਰ ਵਿਰੁੱਧ ਆਪਣਾ ਸੰਘਰਸ਼ ਤਿੱਖਾ ਕਰਨ ਦਾ ਫੈਸਲਾ ਕੀਤਾ ਗਿਆ ਹੈ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਦੀ ਯਾਦਗਾਰ ਵਿਖੇ ਸਹੁੰ ਚੁੱਕੀ ਸੀ ਕਿ ਉਹ ਪੰਜਾਬ ਦੇ ਲੋਕਾਂ ਨਾਲ ਇਨਸਾਫ ਕਰਨਗੇ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਕੰਮ ਕਰ ਰਹੇ ਨਾਨ-ਟੀਚਿੰਗ ਕਮਚਾਰੀਆਂ ਨੂੰ ਛੇਵੇਂ ਪੇ-ਸਕੇਲ ਦੇ ਲਾਭ ਤੋਂ ਹੁਣ ਤੱਕ ਵਾਂਝਾ ਰੱਖਿਆ ਗਿਆ ਹੈ।

ਨਾਨ-ਟੀਚਿੰਗ ਯੂਨੀਅਨ ਫ਼ਿਰੋਜ਼ਪੁਰ ਇਕਾਈ ਦੇ ਪ੍ਰਧਾਨ ਹਰਜਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਛੇਵੇਂ ਪੇ-ਕਮਿਸ਼ਨ ਦਾ ਲਾਭ ਜੁਲਾਈ 2021 ਤੋਂ ਦੇ ਦਿੱਤਾ ਗਿਆ ਹੈ, ਪਰ ਇਸ ਦੇ ਉਲਟ ਰਾਜ ਦੇ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਕੰਮ ਕਰ ਰਹੇ ਨਾਨ-ਟੀਚਿੰਗ ਕਮਚਾਰੀਆਂ ਨੂੰ ਇਹ ਲਾਭ ਦੇਣ ਸੰਬੰਧੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਹੁਣ ਤੱਕ ਜਾਰੀ ਨਹੀਂ ਕੀਤਾ ਗਿਆ ਹੈ, ਜੋ ਅਤਿ-ਨਿੰਦਣਯੋਗ ਕਾਰਵਾਈ ਹੈ।ਇਸ ਦੇ ਵਿਰੋਧ ਵਿੱਚ ਸਾਰੇ ਪੰਜਾਬ ਦੇ ਨਾਨ-ਟੀਚਿੰਗ ਕਾਮੇ 7 ਜਨਵਰੀ ਨੂੰ ਸ਼ਹੀਦ ਭਗਤ ਸਿੰਘ ਜੀ ਯਾਦਗਾਰ ਤੇ ਪੰਜਾਬ ਦੇ ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਗਮ ਵਾਲੇ ਸਥਾਨ ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਇਕੱਠੇ ਹੋ ਕੇ ਪੰਜਾਬ ਸਰਕਾਰ ਦੇ ਖ਼ਿਲਾਫ ਜ਼ੋਰਦਾਰ ਰੋਸ-ਪ੍ਰਦਰਸ਼ਨ ਕਰਨਗੇ ਤੇ ਮੁੱਖ ਮੰਤਰੀ ਨੂੰ ਉਨ੍ਹਾਂ ਦੀ ਸਹੁੰ ਯਾਦ ਕਰਾਉਣਗੇ।

ਉਨ੍ਹਾਂ ਦੱਸਿਆ ਕਿ ਨਾਨ-ਟੀਚਿੰਗ ਵਿੱਚ ਜ਼ਿਆਦਾਤਰ ਗਿਣਤੀ ਦਰਜਾ-3 ਤੇ ਦਰਜਾ-4 ਕਮਚਾਰੀਆਂ ਦੀ ਹੈ, ਜੋ ਪੇ-ਸਕੇਲ ਵਿੱਚ ਹੋ ਰਹੀ ਦੇਰੀ ਕਾਰਨ ਆਰਥਿਕ ਸੰਕਟ ਦਾ ਸਾਹਮਣਾ ਕਰਨ ਦੇ ਨਾਲ-2 ਮਾਨਸਿਕ ਤੌਰ 'ਤੇ ਵੀ ਪ੍ਰੇਸ਼ਾਨ ਹੋ ਰਹੇ ਹਨ।ਉਨ੍ਹਾਂ ਸਰਕਾਰ ਨੂੰ ਇਸ ਮੌਕੇ ਚੇਤਾਵਨੀ ਵੀ ਦਿੱਤੀ ਕਿ ਜੇਕਰ ਜਲਦੀ ਹੀ ਇਹ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀਆਂ ਮੁਲਾਜ਼ਮਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਲੋਕਾਂ ਸਾਹਮਣੇ ਰੱਖਿਆ ਜਾਵੇਗਾ, ਜਿਸ ਨਾਲ ਪਾਰਟੀ ਦੀਆਂ ਵੋਟਾਂ 'ਤੇ ਜ਼ਰੂਰ ਅਸਰ ਪਵੇਗਾ।ਇਸ ਲਈ ਨਾਨ-ਟੀਚਿੰਗ ਕਮਚਾਰੀਆਂ ਇਸ ਜਾਇਜ਼ ਮੰਗ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਮਨੋਜ ਚਾਵਲਾ, ਵਿਸ਼ਾਲ ਕੁਮਾਰ, ਜੈ ਪ੍ਰਕਾਸ਼ ਆਦਿ ਸਾਥੀ ਕਮਚਾਰੀ ਹਾਜ਼ਰ ਸਨ।

ਆਪ ਸਰਕਾਰ ਨੇ ਗੋਇੰਦਵਾਲ ਸਾਹਿਬ ਦਾ ਪ੍ਰਾਈਵੇਟ ਥਰਮਲ ਪਲਾਂਟ ਖਰੀਦ ਕੇ ਪੰਜਾਬ ਵਾਸੀਆਂ ਨੂੰ ਨਵੇਂ ਸਾਲ ਦਾ ਦਿੱਤਾ ਤੋਹਫਾ : ਸ਼ਰਮਾ

ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)- ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਪੰਜਾਬ ਵਾਸੀਆਂ ਨੂੰ ਦਿੱਤੀਆਂ ਗਰੰਟੀਆਂ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਇੰਪਰੂਵਮੈਂਟ ਟਰੱਸਟ ਚੇਅਰਮੈਨ ਸੁਰਿੰਦਰ ਪਾਲ ਸ਼ਰਮਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਨੇ ਗੋਇੰਦਵਾਲ ਸਾਹਿਬ ਦਾ ਪ੍ਰਾਈਵੇਟ ਥਰਮਲ ਪਲਾਂਟ ਖਰੀਦ ਕੇ ਪੰਜਾਬ ਵਾਸੀਆਂ ਨੂੰ ਨਵੇਂ ਸਾਲ ਦਾ ਤੋਹਫਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਗੋਇੰਦਵਾਲ ਥਰਮਲ ਪਲਾਂਟ ਨੂੰ 1080 ਕਰੋੜ ਰੁਪਏ ਵਿਚ ਖਰੀਦਿਆ ਹੈ, ਜਿਸ ਨੂੰ ਹੈਦਰਾਬਾਦ ਦੇ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਨੇ 2 ਦਸੰਬਰ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪੰਜਾਬ ਸਰਕਾਰ ਨੇ ਗੋਇੰਦਵਾਲ ਥਰਮਲ ਖਰੀਦ ਕੇ ਪ੍ਰਾਈਵੇਟ ਤਾਪ ਬਿਜਲੀ ਘਰਾਂ ਨਾਲ ਹੋਏ ਮਹਿੰਗੇ ਬਿਜਲੀ ਸਮਝੌਤਿਆਂ ਨੂੰ ਵੀ ਪੁੱਠਾ ਕੀੜਾ ਦੇ ਦਿੱਤਾ ਹੈ।

ਇਸ ਥਰਮਲ ਪਲਾਂਟ ਦੇ ਪਬਲਿਕ ਸੈਕਟਰ 'ਚ ਆਉਣ ਨਾਲ ਪੰਜਾਬ ਦੇ ਲੋਕਾਂ ਨੂੰ ਇਸ ਥਰਮਲ ਤੋਂ ਬਿਜਲੀ ਵੀ ਸਸਤੀ ਮਿਲੇਗੀ।ਸ਼ਰਮਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਥਰਮਲ ਪਲਾਂਟ ਦਾ ਨਾਮਕਰਨ ਗੁਰੂ ਅਮਰਦਾਸ ਥਰਮਲ ਪਾਵਰ ਲਿਮਟਿਡ ਦਿੱਤਾ ਗਿਆ ਹੈ ਜੋ ਬਹੁਤ ਹੀ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਹਿਲਾਂ ਬਠਿੰਡਾ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਅਤੇ ਰੋਪੜ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਥਰਮਲ ਬਣਿਆ ਹੋਇਆ ਹੈ। ਉਨ੍ਹਾ ਕਿਹਾ ਕਿ ਮਾਨ ਸਰਕਾਰ ਵੱਲੋਂ ਥਰਮਲ ਪਲਾਟ ਖਰੀਦਣ ਨਾਲ ਬੇਰੁਜ਼ਗਾਰਾਂ ਨੂੰ ਨੌਕਰੀਆਂ ਮਿਲਣਗੀਆਂ, ਉਥੇ ਹੀ ਬੇਰੁਜ਼ਗਾਰੀ ਵੀ ਖਤਮ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕ੍ਰਾਂਤੀਕਾਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਹਰ ਸ਼ਹਿਰ ਅਤੇ ਪਿੰਡਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਅਤੇ ਲੋਕ ਆਪ ਸਰਕਾਰ ਤੋਂ ਖੁਸ਼ ਨਜ਼ਰ ਆ ਰਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਵੀਰ ਸਿੰਘ ਢੀਂਡਸਾ, ਵੀ ਕੇ ਕਪਲਾਸ਼ ਆਦਿ ਹਾਜ਼ਰ ਸਨ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਖੰਡ ਮਿੱਲ ਅੱਗੇ ਧਰਨਾ ਭਲਕੇ

ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਸੰਗਰੂਰ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਅੱਗੇ ਇੱਕ ਰੋਜ਼ਾ ਰੋਸ ਧਰਨਾ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਦੀ ਅਗਵਾਈ ਅਧੀਨ ਦਿੱਤਾ ਗਿਆ।ਇਸ ਦੌਰਾਨ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਕਿਸਾਨਾਂ ਤੋਂ ਜ਼ਮੀਨ ਖੋਹਣੀ ਚਾਹੁੰਦੀ ਹੈ।ਉਨ੍ਹਾਂ ਕਿਹਾ ਕਿ ਪਿੰਡ ਜੌਲੀਆਂ ਅਤੇ ਜਹਾਂਗੀਰ ਵਿਖੇ ਛੋਟੇ ਕਿਸਾਨਾਂ ਨਾਲ ਧੱਕਾ ਹੋ ਰਿਹਾ ਹੈ ਤੇ ਜਹਾਂਗੀਰ ਮਸਲੇ ਤੇ ਪ੍ਰਸ਼ਾਸ਼ਨ ਆਪਣੇ ਵਾਅਦੇ ਤੋਂ ਭੱਜ ਗਿਆ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਪੱਕਾ ਰੁਜ਼ਗਾਰ ਖਤਮ ਕੀਤਾ ਜਾ ਰਿਹਾ ਹੈ ਅਤੇ ਆਉਟਸੋਰਸਿੰਗ ਰਾਹੀਂ ਪੜ੍ਹੇ-ਲਿਖੇ ਨੌਜਵਾਨਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਰਿਟਾਇਰਮੈਂਟ ਤੋਂ ਬਾਅਦ ਪੈਨਸ਼ਨ ਖਤਮ ਕੀਤੀ ਜਾ ਰਹੀ ਹੈ ਪਰ ਇਸਦੇ ਉਲਟ ਐਮ.ਐਲ.ਏ. ਅਤੇ ਐਮ.ਪੀ. ਨੂੰ ਮੋਟੀ ਤਨਖਾਹ ਅਤੇ ਬਾਅਦ ਵਿੱਚ ਮੋਟੀਆਂ ਪੈਨਸ਼ਨਾਂ ਅਤੇ ਹੋਰ ਬਹੁਤ ਸਾਰੇ ਭੱਤੇ ਦਿੱਤੇ ਜਾ ਰਹੇ ਹਨ ਜਿਹਨਾਂ ਲੋਕਾਂ ਕੋਲ ਜ਼ਮੀਨ ਹੀ ਇੱਕ ਰੁਜ਼ਗਾਰ ਬਾਕੀ ਰਿਹਾ ਹੈ, ਇਸ ਜ਼ਮੀਨ ਨੂੰ ਵੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਅਤੇ ਸਰਕਾਰੀ ਮਹਿਕਮਿਆਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ, ਪੂਰੇ ਭਾਰਤ ਅੰਦਰ ਪੁਲਿਸ ਪ੍ਰਸ਼ਾਸ਼ਨ, ਸਿਵਲ ਪ੍ਰਸ਼ਾਸ਼ਨ ਮਨਮਰਜੀਆਂ ਕਰ ਰਿਹਾ ਹੈ।ਕਿਸਾਨ ਆਗੂਆਂ ਨੇ ਦੱਸਿਆ ਕਿ 5 ਜਨਵਰੀ ਨੂੰ ਜਥੇਬੰਦੀ ਦੇ ਦੋ ਜ਼ਿਲ੍ਹਿਆਂ ਸੰਗਰੂਰ ਅਤੇ ਮਾਲੇਰਕੋਟਲਾ ਵੱਲੋਂ ਗੰਨੇ ਦੇ ਬਕਾਏ ਨੂੰ ਲੈ ਕੇ ਧੂਰੀ ਖੰਡ ਮਿੱਲ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ ਤੇ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਕੱਢਿਆ

ਸੰਗਤ ਮੰਡੀ (ਰਾਜਦੀਪ ਜੋਸ਼ੀ) ਪਿੰਡ ਸੰਗਤ ਕਲਾਂ ਵਿਖੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਮੁੱਚੇ ਨਗਰ ਦੇ ਸਹਿਯੋਗ ਨਾਲ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਕੱਢਿਆ ਗਿਆ।

ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਅਤੇ ਉਤਸ਼ਾਹ ਨਾਲ਼ ਸ਼ਾਮਲ ਹੋਈਆਂ।ਇਸ ਮੌਕੇ ਮੁੱਖ ਸੇਵਾਦਾਰ ਭਾਈ ਗੁਰਸੇਵਕ ਸਿੰਘ ਖ਼ਾਲਸਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੰਨ-ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ, ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਏ ਗਏ।

ਪਿੰਡ ਵਾਸੀਆਂ ਵੱਲੋਂ ਵੱਖ-ਵੱਖ ਥਾਂਵਾਂ 'ਤੇ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ ਤੇ ਕਈ ਥਾਂਵਾਂ 'ਤੇ ਸੰਗਤਾਂ ਵੱਲੋਂ ਪੰਜ ਪਿਆਰੇ ਸਾਹਿਬਾਨਾਂ ਨੂੰ ਸਿਰੋਪਾਓ ਵੀ ਭੇਟ ਕੀਤੇ ਗਏ।ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਨਾਲ਼ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੱਤਕਾ ਟੀਮ ਵੱਲੋਂ ਜੰਗੀ ਜੌਹਰ ਵਿਖਾਏ ਗਏ।

ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਗੁਰੂਦੁਆਰਾ ਗੁਰੂ ਗੋਬਿੰਦ ਸਿੰਘ ਜੀ ਮਾਰਗ ਤੋਂ ਆਰੰਭ ਹੋ ਕੇ ਵੱਖ-ਵੱਖ ਪੜਾਵਾਂ ਵਿੱਚੋਂ ਸੰਗਤ ਮੰਡੀ ਹੁੰਦੇ ਹੋਏ ਸ਼ਾਮ ਨੂੰ ਅਰਦਾਸ ਉਪਰੰਤ ਇਥੇ ਹੀ ਇਸ ਦੀ ਸਮਾਪਤੀ ਕੀਤੀ ਗਈ।ਗੁਰੂਦੁਆਰਾ ਸਾਹਿਬ ਦੀ ਕਮੇਟੀ ਵੱਲੋਂ ਪਹੁੰਚੇ ਰਾਗੀ ਜਥਿਆਂ, ਗੱਤਕਾ ਟੀਮ ਨੂੰ ਸਨਮਾਨਤ ਕੀਤਾ ਗਿਆ।ਅੰਤ ਭਾਈ ਗੁਰਸੇਵਕ ਸਿੰਘ ਖ਼ਾਲਸਾ ਨੇ ਸੰਗਤਾਂ ਨੂੰ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ, ਗੁਰੂ ਸਾਹਿਬ ਦੇ ਬਖ਼ਸ਼ਿਸ਼ ਕੀਤੇ ਜੰਗੀ ਜੌਹਰ ਸਿਖਾਉਣ ਅਤੇ ਸ਼ਬਦ ਗੁਰਬਾਣੀ ਨਾਲ਼ ਜੋੜਨ ਦੀ ਬੇਨਤੀ ਕੀਤੀ।

ਇਸ ਮੌਕੇ ਬਾਬਾ ਗੁਰਸੇਵਕ ਸਿੰਘ ਖਾਲਸਾ, ਬਾਬਾ ਗੁਰਲਾਲ ਸਿੰਘ ਖਾਲਸਾ, ਅਵਤਾਰ ਸਿੰਘ ਖਾਲਸਾ, ਜੱਗਾ ਸਿੰਘ, ਬਾਬੂ ਸਿੰਘ ਖ਼ਾਲਸਾ, ਭਰਪੂਰ ਸਿੰਘ ਖ਼ਾਲਸਾ, ਗੁਰਜੀਤ ਸਿੰਘ ਖ਼ਾਲਸਾ, ਬੱਬੂ ਬਿਜਲੀ ਵਾਲਾ, ਦਰਬਾਰਾ ਸਿੰਘ ਖਾਲਸਾ, ਬਲਕਰਨ ਸਿੰਘ ਖਾਲਸਾ, ਰੁਲਦੂ ਸਿੰਘ ਮਿਸਤਰੀ ਤੋਂ ਇਲਾਵਾ ਹੋਰ ਵੀ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।ਸਮੂਹ ਕਮੇਟੀ ਮੈਂਬਰਾਂ ਨੇ ਸੰਗਤਾਂ ਦੀ ਸੇਵਾ ਕਰਦਿਆਂ ਹਾਜ਼ਰੀ ਭਰੀ।

ਕਾਤਰਾਂ

ਮਨਵੀਰ ਕੌਰ ਦੀ ਨੈਸ਼ਨਲ ਪੱਧਰ ਦੀ ਕ੍ਰਿਕਟ 'ਚ ਹੋਈ ਚੋਣ

ਮਹਿਲ ਕਲਾਂ (ਬਲਵਿੰਦਰ ਵਜੀਦਕੇ) ਜੀ. ਹੋਲੀ ਹਾਰਟ ਸਕੂਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਮਨਵੀਰ ਕੌਰ ਸਪੁੱਤਰੀ ਅਵਤਾਰ ਸਿੰਘ ਦੀ ਨੈਸ਼ਨਲ ਪੱਧਰ 'ਤੇ ਕ੍ਰਿਕਟ ਅੰਡਰ 19 ਵਿੱਚ ਚੋਣ ਹੋਈ ਹੈ। ਇਸ ਵਿੱਚ ਡੀ.ਪੀ ਅਧਿਆਪਕ ਰੇਸ਼ਮ ਸਿੰਘ, ਸੁਖਬੀਰ ਸਿੰਘ ਅਤੇ ਮੁੱਕੇ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਮੌਕੇ ਸਕੂਲ ਦੀ ਮੈਨੇਜਮੈਂਟ ਨੇ ਮਾਤਾ-ਪਿਤਾ ਨੂੰ ਵਧਾਈਆਂ ਦਿੱਤੀਆਂ ਅਤੇ ਮਾਤਾ-ਪਿਤਾ ਨੇ ਮਾਣ ਮਹਿਸੂਸ ਕਰਦਿਆਂ ਹੋਇਆਂ ਇਸ ਚੋਣ ਲਈ ਸਾਰਾ ਕ੍ਰੈਡਿਟ ਗੁਰਪ੍ਰੀਤ ਹੋਲੀ ਹਾਰਟ ਸਕੂਲ ਅਤੇ ਸਟਾਫ ਨੂੰ ਦਿੱਤਾ ।ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਨੇ ਵਿਦਿਆਰਥਣ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਸਰਬੱਤ ਦੇ ਭਲੇ ਦੀ ਅਰਦਾਸ ਲਈ ਅਖੰਡ ਪਾਠ ਸਾਹਿਬ ਦਾ ਪ੍ਰਕਾਸ਼

ਸ਼੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ ਪੂਜਾ/ਪਰਿਜਤ ਸਿੰਘ) ਨਵੇਂ ਸਾਲ ਦੀ ਖੁਸ਼ੀ ਤੇ ਸਰਬੱਤ ਦੇ ਭਲੇ ਦੀ ਅਰਦਾਸ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸਮੂਹ ਅਧਿਕਾਰੀਆਂ ਅਤੇ ਕਮਚਾਰੀਆਂ ਵੱਲੋਂ ਸ਼੍ਰੀ ਆਖੰਡ ਪਾਠ ਸਾਹਿਬ ਦਾ ਪ੍ਰਕਾਸ਼ ਕਰਾਇਆ ਗਿਆ। ਡੀ.ਸੀ. ਦਫ਼ਤਰ ਕਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼੍ਰੀ ਆਖੰਡ ਪਾਠ ਸਾਹਿਬ ਦਾ ਪ੍ਰਕਾਸ਼ ਕਰਾਇਆ ਗਿਆ ਹੈ ਤੇ 5 ਜਨਵਰੀ ਨੂੰ ਸਵੇਰੇ 11:00 ਵਜੇ ਕੀਰਤਨ ਉਪਰੰਤ ਭੋਗ ਪਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਹ ਪਾਠ ਸਰਬੱਤ ਦੇ ਭਲੇ ਦੀ ਅਰਦਾਸ ਲਈ ਕਰਾਇਆ ਜਾ ਰਿਹਾ ਹੈ, ਜਿਸ ਵਿੱਚ ਤਿੰਨੇ ਦਿਨ ਗੁਰੂ ਕਾ ਅਤੁੱਟ ਲੰਗਰ ਵਰਤੇਗਾ।ਉਨ੍ਹਾਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਸਮੇਂ ਆਪਣੀ ਹਾਜ਼ਰੀ ਲਵਾਉਂਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਜਾਵੇ।

ਨਸ਼ੇ ਨੇ ਮਾਰ ਸੁੱਟਿਆ, ਖੇਤ 'ਚੋਂ ਮਿਲੀ ਲਾਸ਼

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਮਮਦੋਟ ਖੇਤ 'ਚ ਪਾਣੀ ਦੀ ਮੋਟਰ 'ਤੇ ਨੌਜਵਾਨ ਦੀ ਲਾਸ਼ ਮਿਲੀ।ਰਾਹਗੀਰਾਂ ਨੇ ਥਾਣਾ ਲੱਖੋ ਕੇ ਬਹਿਰਾਮ ਦੀ ਪੁਲਸ ਨੂੰ ਸੂਚਨਾ ਦਿੱਤੀ।ਪੁਲਸ ਨੇ ਮ੍ਰਿਤਕ ਦੇ ਵਾਰਿਸਾਂ ਨੂੰ ਬੁਲਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।ਮ੍ਰਿਤਕ ਦੀ ਪਛਾਣ ਹਰਪ੍ਰੀਤ ਸਿੰਘ ਹੈਪੀ (30) ਵਾਸੀ ਪਿੰਡ ਅਵਾਨ ਵਜੋਂ ਹੋਈ ਹੈ।ਵਾਇਰਲ ਵੀਡੀਓ ਵਿੱਚ ਦੱਸਿਆ ਗਿਆ ਹੈ ਕਿ ਪਿੰਡ ਘੁੱਲੇ ਚੱਕਾ ਸਥਿਤ ਇੱਕ ਖੇਤ ਵਿੱਚ ਇੱਕ ਨ

page-6-4-Jan.-2024-(SM).qxd 1/3/2024 10:54 PM Page 1

ਕਲਾਸੀਫਾਈਡ ਇਸ਼ਤਿਹਾਰ

PUBLIC NOTICE

I Kuljit Kaur w/o Kashmir Singh,R/o House No. 2, Gali No.8, Near Sandhu Gurdwara, New Green Field, 27 Feet Road, Majitha Road, Amritsar. I Inform you. I have Lost Previous Original Registry I came from my house to Majitha Road Tehsil & Distt. Amritsar dated 23/12/2023, I had my handbag in which my Previous Original Registry was lost, I tried a lot to find it but could not find it, which is as follows. 1. Sale deed from Surjit Singh s/o Karnail Singh in favour of Smt Raj Kumari w/o Late Rajesh Kapoor Property Private Plot No.19 Measuring 103.63 Sqyards, Khasra No.58//5, 58//6, 58//7, 14/1 Min as per sale deedand as per jamabandi Khasra No.567/1327, 1328, 1329, Situated at Rakhshikar Gah Abadi New Green, Tehsil & Distt Amritsar sale deed Registered Wasika No.381 bhai No.1 Jild 4364 Page 6061 Dated 13/04/2011. M:9915951299

COURT NOTICE

(U/o 5 Rule 20 CPC)
In the Court of Ms. Manzra Dutta,
Civil Judge (Junior Division), Kharar.
CNR No. PBSAA0000224-2022
Next Date : 22.02.2024
Sewa Singh vs. Chetan Singh & Ors. CS/172/2022

Notice to : DEF No. 1 (d) Rupinder Kaur D/o Chetan Singh, now W/o Charanjit Singh, R/o Village Mauli Baidwan, Distt. SAS Nagar, Mohali, DEF No. 1 (e) Surinder Kaur D/o Chetan Singh, Now W/o Darshan Singh, R/o Village Budhanpur, near Sector-16, Panchkula, Haryana.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 22-02-2024 at 10 a.m.

For details logon to https://www.highcourtchd.gov.in/?trs=district_notice&district=Mohali.

Civil Judge (Junior Division), Kharar.
Dated, this day of 26-12-23

ਕੋਰਟ ਨੋਟਿਸ

ਜ਼ਿਲ੍ਹਾ ਮੈਰਿਜ ਅਫਸਰ, ਜਲੰਧਰ
ਬਨਾਮ
ਆਮ ਜਨਤਾ
ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ
ਬਿਨੈਕਾਰਾਂ ਦਾ ਨਾਂਅ : ਹਰਨੇਕ ਸਿੰਘ
ਪਿਤਾ/ਪਤੀ ਦਾ ਨਾਂਅ : ਗੁਰਮੇਲ ਸਿੰਘ
ਪਤਾ : ਪਿੰਡ ਬੱਲ ਹੁਕਮੀ, ਡਾਕਖਾਨਾ ਲੱਧੜਾਂ, ਤਹਿਸੀਲ ਨਕੋਦਰ, ਜਲੰਧਰ।

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਬਿਨੈ ਪੱਤਰ ਦਿੱਤਾ ਹੈ, ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ-
ਨਾਂਅ : ਮਨਪ੍ਰੀਤ ਸਿੰਘ
ਪੱਕਾ ਪਤਾ : ਪਿੰਡ ਬੱਲ ਹੁਕਮੀ, ਡਾਕਖਾਨਾ ਲੱਧੜਾਂ, ਤਹਿਸੀਲ ਨਕੋਦਰ, ਜਲੰਧਰ
ਵਿਦੇਸ਼ੀ ਪਤਾ : R DR JOSE ANTONIO SANTOS BLA 4 ESQ ARMA CAO DE PERA 8365-139
ਉਮਰ/ਜਨਮ ਮਿਤੀ : 11-01-1991
ਬਿਨੈਕਾਰ ਨੇ ਕਿਹਾ ਹੈ ਕਿ ਉਸ ਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸ ਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 29-12-23 ਨੂੰ ਜਾਰੀ ਹੋਇਆ।
ਜ਼ਿਲ੍ਹਾ ਮੈਰਿਜ ਅਫਸਰ, ਜਲੰਧਰ (ਪੰਜਾਬ)
ਰੀਡਰ/94 ਮਿਤੀ 29-12-23

COURT NOTICE

(U/o 5 Rule 20 CPC)
In the Court of Sanjeeta,
Additional Principal Judge
Family Court, Amritsar.
CNR No. PBAS01-006340-2023
Next Date : 08-02-2024
Neha Aged 32 Years W/o Sunny Mahajan D/o Brij Mohan R/o House No. 322, Friends Colony, Majitha Road, Amritsar. Vs
Sunny Mahajan

Publication Issued to ; Sunny Mahajan S/o Late Subhash Mahajan, R/o Gokul Vihar, Gali No. 3, Near Sandhu Colony and Shivam School, Batala Road, Amritsar, Mobile No. 6239296773.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 08-02-2024 at 10.00 a.m.

For details logon to https://highcourtchd.gov.in/?trs=district_notice&district=Amritsar.

Additional Principal Judge Family Court, Amritsar.
Dated, this day of 02-01-2024

COURT NOTICE

(U/o 5 Rule 20 CPC)
In the Court of Ms. Supreet Kaur-I,
Civil Judge (Junior Division), Ludhiana.
CNR No. PBLD 02-006505-2023
Next Date : 23-01-2024
UCO Bank vs. Neelam Rani

Publication Issued to : 1 Smt. Neelam Rani Wd/o Ish Kumar, 2. Sh. Chirag Verma S/o Ish Kumar both are R/o St. No. 2, Hargobind Colony, Backside Tehsil Dehlon, Distt. Ludhiana.

In above titled case, the defendant(s)/respondent(s) could not be served. It is ordered that defendant(s) respondent(s) should appear in person or through counsel on 23-01-2024 at 10.00 a.m.

For details logon to https://highcourtchd.gov.in/?trs=district_notice&district=Ludhiana.

Civil Judge (Junior Division), Ludhiana.
Dated, this day of 13-12-2023

ਆਮ ਸੂਚਨਾ

ਮੈਂ, ਅਮਨਦੀਪ ਕੌਰ ਪਤਨੀ ਦਵਿੰਦਰ ਸਿੰਘ ਵਾਸੀ ਫਤਿਹਪੁਰ ਝੁਗੀਆਂ (ਮੋਗਾ) ਨੇ ਜਸਵੰਤ ਸਿੰਘ ਪੁੱਤਰ ਇਕਬਾਲ ਸਿੰਘ ਬਸਤੀ ਅਲਾਬਾਦ (ਮੋਗਾ) ਫਤਿਹਗੜ੍ਹ ਪੰਜਤੂਰ ਏ ਪੀ 06-788 ਤੋਂ 12.5 ਐੱਚ ਪੀ ਦੀ ਮੋਟਰ ਆਪਣੇ ਨਾਂਅ ਕਰਵਾਉਣੀ ਹੈ। ਰਕਬਾ ਕਿਲੀ ਗਾਂਧਰਾ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਵਿਖੇ ਲੱਗੀ ਹੋਈ ਹੈ। ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਅੰਦਰ ਐੱਸ ਡੀ ਓ ਫਤਿਹਗੜ੍ਹ ਪੰਜਤੂਰ ਨੂੰ ਸੂਚਿਤ ਕਰ ਸਕਦਾ ਹੈ।

COURT NOTICE

(U/o 5 Rule 20 CPC)
In the Court of Sanjeeta
Additional Principal Judge
Family Court, Amritsar.
CNR No. PBAS 01-017121-2023
Next Date : 21-02-2024
Love Kumar Aged About 35 Years S/o Sh. Ram Lal R/o House No. 4011/15, Chhota Haripura, Islamabad, Amritsar at present R/o House No. 42, New Anand Vihar, Dream City, Near Baba Deep Singh Hospital, Chabal Road, Amritsar.
Vs.
Harleen Kaur

Publication Issued to : Harleen Kaur, Spouse : Love Kumar and D/o Late Sucha Singh, R/o H.No. 4657/17, Gali Teja Singh Wali, Daimganj Sabji Mandi, Dhapai Road, Amritsar.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 21-02-2024 at 10.00 a.m.

For details logon to https://highcourtchd.gov.in/?trs=district_notice&district=Amritsar
Additional Principal Judge Family Court, Amritsar.
Dated, this day of 02-01-2024

ਆਮ ਸੂਚਨਾ

ਮੈਂ, ਕਮਲਜੀਤ ਪੁੱਤਰ ਚਰਨਜੀਤ ਸਹਿਗਲ ਵਾਸੀ ਮਕਾਨ ਨੰ. ਈ ਜੀ-824, ਮੁਹੱਲਾ ਗੋਬਿੰਦਗੜ੍ਹ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਸਾਹਿਲ ਸਹਿਗਲ ਦੇ ਪਾਸਪੋਰਟ ਨੰ. (ਐੱਚ 6333483) ਦੇ ਵਿੱਚ ਮੇਰਾ ਨਾਂਅ ਕਮਲਜੀਤ ਦਰਜ ਹੈ, ਜਦਕਿ ਕੁਝ ਡਾਕੂਮੈਂਟਾਂ 'ਤੇ ਮੇਰਾ ਨਾਂਅ ਕਮਲ ਸਹਿਗਲ, ਕਮਲਜੀਤ ਸਹਿਗਲ ਹੈ। ਕਮਲਜੀਤ, ਕਮਲਜੀਤ ਸਹਿਗਲ ਅਤੇ ਕਮਲ ਸਹਿਗਲ ਇਹ ਸਾਰੇ ਮੇਰੇ ਹੀ ਨਾਂਅ ਹਨ। ਸੰਬੰਧਤ ਨੋਟ ਕਰਨ।

COURT NOTICE

In the Court of Ms. Renuka Kalra,
Civil Judge (Junior Division)-18, Jalandhar
CNR No. PBJL02-003451-2023
Next Date : 02-02-2024
Pooja Monga Aged About 44 years W/o Sh. Raj Mongia @ Rajan Mongia R/o H.No. 224, Neela Mehal, Jalandhar-I, Distt. Jalandhar.
Vs.
General Public

Publication Issued to : General Public R/o H. No. NH-224, Neela Mehal, Jalandhar-1, Distt. Jalandhar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 02-02-2024 at 10.00 a.m.

For details logon to https://highcourtchd.gov.in/?trs=district_notice&district=Jalandhar.

Civil Judge (Junior Division)-18
Dated, this day of 21-12-2023

ਸੋਧ

ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 6 (2) ਅਤੇ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਰਫੇਸੀ ਐਕਟ, 2002 ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਮਿਤੀ 31-12-2023 ਦੇ ਜਨਤਕ ਨੋਟਿਸ 'ਚ ਸੋਧ ਜਾਇਦਾਦ ਨੰਬਰ (ਏ) ਜਾਇਦਾਦ ਨੰਬਰ 1005, ਰਕਬਾ 513.08 ਵਰਗ ਗਜ਼ ਖਸਰਾ ਨੰਬਰ 451-457, 459, 461-463, 475 ਦਾ ਹਿੱਸਾ, ਖੱਤਾ ਨੰਬਰ 546/589, ਜਮ੍ਹਾਂਬੰਦੀ ਸਾਲ 2002-2003, ਪਿੰਡ ਬਰੀਕੇ, ਅਬਾਦੀ ਬਸੰਤ ਸਿਟੀ ਐਕਸਟੈਂਸ਼ਨ-2, ਪੱਖੋਵਾਲ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਪੰਜਾਬ (ਬੀ) ਜਾਇਦਾਦ ਨੰਬਰ 1006, ਰਕਬਾ 513.08 ਵਰਗ ਗਜ਼, ਖਸਰਾ ਨੰਬਰ 451-457, 459, 461-463, 475, ਖੱਤਾ ਨੰਬਰ 546/589, ਜਮ੍ਹਾਂਬੰਦੀ ਸਾਲ 2002-2003, ਪਿੰਡ ਬਰੀਕੇ, ਅਬਾਦੀ ਬਸੰਤ ਸਿਟੀ ਐਕਸਟੈਂਸ਼ਨ-2, ਪੱਖੋਵਾਲ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਦੇ ਸੰਬੰਧ 'ਚ।

ਬੇਸ਼ੱਕ ਪ੍ਰਕਾਸ਼ਤ ਨੋਟਿਸ 'ਚ ਅਣਜਾਣੇ 'ਚ ਜਨਤਕ ਨਿਲਾਮੀ ਦੀ ਮਿਤੀ 15.02.2024 ਦੀ ਬਜਾਇ 25.01.2024 ਗਲਤ ਦਰਸਾਈ ਗਈ ਹੈ। ਕ੍ਰਿਪਾ ਕਰਕੇ ਜਨਤਕ ਈ-ਨਿਲਾਮੀ ਦੀ ਮਿਤੀ 15-02-2024 ਪੜ੍ਹੀ ਜਾਵੇ।

ਮਿਤੀ : 04-01-2024 ਸਹੀ/-
ਸਥਾਨ : ਲੁਧਿਆਣਾ ਅਧਿਕਾਰਤ ਅਫਸਰ, ਸਟੈਂਡਰਡ ਚਾਰਟਰਡ ਬੈਂਕ।

SMFG INDIA CREDIT COMPANY LIMITED
(formerly Fullerton India Credit Company Limited)
Corporate Office: 10th Floor, Office No. 101,102 & 103, 2 North Avenue, Maker Maxity, Bandra Kurla Complex, Bandra (E), Mumbai - 400051.

ਡਿਮਾਂਡ ਨੋਟਿਸ

ਦਾ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੱਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ('ਦਾ ਐਕਟ') ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ('ਦਾ ਰੂਲਜ਼') ਦੀਆਂ ਵਿਵਸਥਾਵਾਂ ਤਹਿਤ ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕਰੇਡਿਟ ਕੰਪਨੀ ਲਿਮ:) ਦੇ ਅਧਿਕਾਰਤ ਅਫਸਰ ਵਜੋਂ ਐਕਟ ਅਧੀਨ ਅਤੇ ਐਕਟ ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਸੰਬੰਧਤ ਨੋਟਿਸਾਂ 'ਚ ਦਰਸਾਈ ਗਈ ਰਕਮ ਨੋਟਿਸ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਸੈਕਸ਼ਨ, 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨਿਮਨਹਸਤਾਖਰੀ ਨੂੰ ਵਾਜਬ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ ਡਿਮਾਂਡ ਨੋਟਿਸਾਂ ਦੀ ਤਾਮੀਲ ਟਾਲ ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਨੋਟਿਸ ਚਿਪਕਾ ਕੇ ਅਤੇ ਪ੍ਰਕਾਸ਼ਤ ਕਰਕੇ ਤਾਮੀਲ ਕਰਵਾਈ ਜਾ ਰਹੀ ਹੈ। ਡਿਮਾਂਡ ਨੋਟਿਸ ਦੀ ਵਿਸ਼ਾ ਸੂਚੀ ਹੇਠਾਂ ਦਰਸਾਈ ਜਾ ਰਹੀ ਹੈ :

ਕਰਜ਼ਦਾਰਾਂ ਦਾ ਨਾਂਅ	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ
1. ਅਜਮੇਰ ਸਿੰਘ 2. ਸੁਖਵਿੰਦਰ ਕੌਰ	22 ਦਸੰਬਰ 2023, 22 ਦਸੰਬਰ 2023 ਨੂੰ ਰੁਪਏ 20,71,230/- (ਵੀਹ ਲੱਖ ਇਕੱਤਰ ਹਜ਼ਾਰ ਦੋ ਸੌ ਤੀਹ ਰੁਪਏ ਕੇਵਲ)

ਅਚੱਲ ਜਾਇਦਾਦ/ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ :

ਜਾਇਦਾਦ ਖਾਲੀ ਜ਼ਮੀਨ ਰਕਬਾ 1-1/2 ਮਰਲੇ (60 ਵਰਗ ਗਜ਼), ਜੋ ਕਿ ਜ਼ਮੀਨ ਰਕਬਾ 0 ਕੇ-10 ਐੱਮ ਦਾ 1-1/2/10 ਹਿੱਸਾ ਹੈ, ਖੇਵਟ ਖਤੌਨੀ ਨੰ. 1343/1822, ਖਸਰਾ ਨੰ. 113//5/1/2 (1-10) 112//1/1 (0-10), ਖਤੌਨੀ ਨੰ. 1821-1822, ਧੀਮਾਨ ਇੰਡਸਟਰੀਜ਼, ਖਰੜ ਰੋਡ, ਬੱਸੀ ਪਠਾਣਾਂ, ਫਤਹਿਗੜ੍ਹ ਸਾਹਿਬ, ਪੰਜਾਬ-140412

ਕਰਜ਼ਦਾਰਾਂ ਨੂੰ ਨੋਟਿਸਾਂ ਦੀ ਪਾਲਣਾ ਅਤੇ ਉਹਨਾਂ 'ਚ ਅਤੇ ਇੱਥੇ ਉੱਪਰ ਦਰਸਾਈ ਰਕਮ ਸਮੇਤ ਮੁਕੰਮਲ ਰਕਮ ਦੀ ਅਦਾਇਗੀ ਦੀ ਮਿਤੀ ਤੱਕ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜਿਜ, ਲਾਗਤ ਅਤੇ ਖਰਚੇ ਦੇ ਇਸ ਪ੍ਰਕਾਸ਼ਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਕਰਜ਼ਦਾਰ ਧਿਆਨ ਦੇਣ ਕਿ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਇੱਕ ਸਕਿਉਰਡ ਕ੍ਰੈਡਿਟਰ ਹੈ ਅਤੇ ਕਰਜ਼ਦਾਰ ਵੱਲੋਂ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਕਰਜ਼ਦਾਰ ਵੱਲੋਂ ਗਹਿਣੇ ਰੱਖੀਆਂ ਜਾਇਦਾਦਾਂ ਜੋ ਸਕਿਉਰਡ ਐੱਸਟ ਹੈ, ਵਿਰੁੱਧ ਸਕਿਉਰਡ ਕ੍ਰੈਡਿਟ ਹੈ। ਜੇਕਰ ਕਰਜ਼ਦਾਰ ਨਿਰਧਾਰਤ ਸਮੇਂ ਅੰਦਰ ਸਾਰੀਆਂ ਦੇਣਦਾਰੀਆਂ ਦਾ ਨਿਪਟਾਰਾ ਕਰਨ 'ਚ ਅਸਫਲ ਰਹਿਦਾ ਹੈ, ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਸਕਿਉਰਡ ਐੱਸਟਸ ਦਾ ਕਬਜ਼ਾ ਲੈਣ ਸਮੇਤ ਇਸ ਨੂੰ ਵਿੱਕਰੀ ਰਾਹੀਂ ਤਬਾਦਲਾ ਜਾਂ ਐਕਟ ਅਤੇ ਨਿਯਮਾਂ ਤਹਿਤ ਉਪਲੱਬਧ ਹੋਰ ਉਪਾਅ ਰਕਮ ਦੀ ਵਸੂਲੀ ਲਈ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ। ਐੱਸ ਐੱਮ ਐੱਫ ਇੰਡੀਆ ਕ੍ਰੈਡਿਟ ਵਿਕਰੀ ਜਾਂ ਤਬਾਦਲਾ ਅਧਿਕਾਰ ਲਾਗੂ ਕਰਨ ਤੋਂ ਪਹਿਲਾਂ ਸਕਿਉਰਡ ਐੱਸਟਸ ਨੂੰ ਅਟੈਚ/ਜਾਂ ਸੀਲ ਕਰਨ ਦਾ ਵੀ ਹੱਕਦਾਰ ਹੈ। ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਨੂੰ ਗਹਿਣੇ ਰੱਖੀਆਂ ਜਾਇਦਾਦਾਂ ਦੀ ਵਿਕਰੀ ਕਰਨ 'ਤੇ ਬਕਾਇਆ ਅਦਾਇਗੀ ਮੁਕੰਮਲ ਪ੍ਰਾਪਤ ਨਹੀਂ ਹੁੰਦੀ ਤਾਂ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਬਕਾਇਆ ਵਸੂਲਣ ਲਈ ਵੱਖਰੀ ਕਾਨੂੰਨੀ ਕਾਰਵਾਈ ਕਰਨ ਦਾ ਵੀ ਅਧਿਕਾਰ ਰੱਖਦਾ ਹੈ। ਇਹ ਉਪਾਅ ਐੱਸ ਐੱਮ ਐੱਫ ਜੀ ਇੰਡੀਆ ਕਰੇਡਿਟ ਨੂੰ ਕਿਸੇ ਹੋਰ ਕਾਨੂੰਨ ਅਧੀਨ ਪ੍ਰਾਪਤ ਹੋਰ ਉਪਾਵਾਂ ਤੋਂ ਵਾਧੂ ਅਤੇ ਅਜ਼ਾਦਾਨਾ ਹੈ। ਉਪਲੱਬਧ ਸਮੇਂ 'ਚ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 (8) ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਅਤੇ ਅੱਗੇ ਐਕਟ ਦੇ ਸੈਕਸ਼ਨ 13 (13), ਜਿਸ ਰਾਹੀਂ ਕਰਜ਼ਦਾਰਾਂ 'ਤੇ ਕਿਸੇ ਵੀ ਸਕਿਉਰਡ ਐੱਸਟਸ ਦੀ ਸੌਦੇਬਾਜ਼ੀ, ਵਿਕਰੀ ਰਾਹੀਂ ਤਬਾਦਲਾ ਕਰਨ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ (ਕਾਰੋਬਾਰ ਦੇ ਆਮ ਤਰੀਕੇ ਤੋਂ ਇਲਾਵਾ), ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਨਿਪਟਾਰਾ ਕਰਨ 'ਤੇ ਪਾਬੰਦੀ/ਬੰਦਿਸ਼ ਹੈ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਐਕਟ ਦੇ ਸੈਕਸ਼ਨ 29 ਤਹਿਤ ਦੰਡਯੋਗ ਜੁਰਮ ਹੈ। ਡਿਮਾਂਡ ਨੋਟਿਸ ਦੀ ਨਕਲ ਨਿਮਨਹਸਤਾਖਰੀ ਕੋਲ ਉਪਲੱਬਧ ਹੈ ਅਤੇ ਕਰਜ਼ਦਾਰ, ਜੇਕਰ ਚਾਹੁਣ ਤਾਂ ਇਹ ਨਿਮਨਹਸਤਾਖਰੀ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਦੇ ਨੀਯਤ ਸਮੇਂ ਅੰਦਰ ਪ੍ਰਾਪਤ ਕਰ ਸਕਦੇ ਹਨ।

ਸਥਾਨ :ਪੰਜਾਬ, ਮਿਤੀ 04.01.2024 ਸਹੀ/- ਅਧਿਕਾਰਤ ਅਫਸਰ
ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮ:)

SMFG INDIA CREDIT COMPANY LIMITED
(formerly Fullerton India Credit Company Limited)
Corporate Office: 10th Floor, Office No. 101,102 & 103, 2 North Avenue, Maker Maxity, Bandra Kurla Complex, Bandra (E), Mumbai - 400051.

ਡਿਮਾਂਡ ਨੋਟਿਸ

ਦਾ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ('ਦਾ ਐਕਟ') ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ('ਦਾ ਰੂਲਜ਼') ਦੀਆਂ ਵਿਵਸਥਾਵਾਂ ਤਹਿਤ ਨਿਮਨਹਸਤਾਖਰੀ ਨੇ ਐੱਸ ਐੱਮ ਐੱਫ ਜੀ ਇੰਡੀਆ ਕ੍ਰੈਡਿਟ ਕੰਪਨੀ ਲਿਮ: (ਪਹਿਲਾਂ ਫੁਲਰਟੋਨ ਇੰਡੀਆ ਕਰੇਡਿਟ ਕੰਪਨੀ ਲਿਮ:) ਦੇ ਅਧਿਕਾਰਤ ਅਫਸਰ ਵਜੋਂ ਐਕਟ ਅਧੀਨ ਅਤੇ ਐਕਟ ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਸੰਬੰਧਤ ਨੋਟਿਸਾਂ 'ਚ ਦਰਸਾਈ ਗਈ ਰਕਮ ਨੋਟਿਸ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਸੈਕਸ਼ਨ, 13 (2) ਤਹਿਤ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨਿਮਨਹਸਤਾਖਰੀ ਨੂੰ ਵਾਜਬ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ ਡਿਮਾਂਡ ਨੋਟਿਸਾਂ ਦੀ ਤਾਮੀਲ ਟਾਲ ਰਹੇ ਹਨ, ਇਸ ਲਈ ਨਿਯਮਾਂ ਅਨੁਸਾਰ ਨੋਟਿਸ ਚਿਪਕਾ ਕੇ ਅਤੇ ਪ੍ਰਕਾਸ਼ਤ ਕਰਕੇ ਤਾਮੀਲ ਕਰਵਾਈ ਜਾ ਰਹੀ ਹੈ। ਡਿਮਾਂਡ ਨੋਟਿਸ ਦੀ ਵਿਸ਼ਾ ਸੂਚੀ ਹੇਠਾਂ ਦਰਸਾਈ ਜਾ ਰਹੀ ਹੈ :

ਕਰਜ਼ਦਾਰਾਂ ਦੇ ਨਾਂਅ	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ
1. ਦੀਲਾਰ ਸਿੰਘ 2. ਸਿਮਰਨਜੀਤ ਕੌਰ 3. ਗੁਰਪ੍ਰੀਤ ਸਿੰਘ	18 ਦਸੰਬਰ 2023, 18 ਦਸੰਬਰ 2023 ਨੂੰ ਰੁਪਏ 23,74,817/- (ਤੇਈ ਲੱਖ ਚੁਹੱਤਰ ਹਜ਼ਾਰ ਅੱਠ ਸੌ ਸਤਾਰਾਂ ਰੁਪਏ ਕੇਵਲ)

ਅਚੱਲ ਜਾਇਦਾਦ/ਗਹਿਣੇ ਰੱਖੀਆਂ ਜਾਇਦਾਦਾਂ ਦਾ ਵੇਰਵਾ

ਜਾਇਦਾਦ ਮਕਾਨ ਰਕਬਾ 250 ਵਰਗ ਗਜ਼ (5 ਬਿਸਵੇ) ਜੋ ਕਿ 10 ਬਿਸਵੇ ਦਾ 1/2 ਹਿੱਸਾ ਹੈ, ਖੇਵਟ ਖਤੌਨੀ ਨੰ. 122/196, ਖਸਰਾ ਨੰ. 15 ਮਿਨ (0-10), ਗੁਰੂ ਨਾਨਕ ਨਗਰ, ਰਕਬਾ ਪਿੰਡ ਸਮਸਪੁਰ, ਤਹਿਸੀਲ ਤੇ ਜ਼ਿਲ੍ਹਾ ਪਟਿਆ

4-JAN-PAGE-7.qxd 1/3/2024 10:40 PM Page 1

16 ਸਾਲਾ ਨਾਬਾਲਗ ਦੀ ਕੁੱਟਮਾਰ ਦੇ ਦੋਸ਼ ਹੇਠ 9 ਵਿਅਕਤੀਆਂ ਵਿਰੁੱਧ ਕੇਸ ਦਰਜ

ਸ੍ਰੀ ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) ਟ੍ਰੈਫ਼ਿਕ ਜਾਮ ਦੌਰਾਨ ਸਾਈਡ ਨਾ ਮਿਲਣ 'ਤੇ ਨੌਜਵਾਨਾਂ ਦੇ ਗਰੁੱਪ ਵੱਲੋਂ ਵਾਹਨ ਚਾਲਕਾਂ ਨਾਲ ਬਦਸਲੂਕੀ ਕਰਨ ਤੇ 16 ਸਾਲਾ ਗੁਰਸਿੱਖ ਨੌਜਵਾਨ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੇ ਜਾਣ ਦੇ ਕਥਿਤ ਮਾਮਲੇ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ 9 ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।

ਹਰਜਿੰਦਰ ਸਿੰਘ ਵਾਸੀ ਪਿੰਡ ਦਾਦੂਮਾਜਰਾ ਨੇ ਦੱਸਿਆ ਕਿ ਸ਼ਹੀਦੀ ਸਭਾ 'ਚ ਉਨ੍ਹਾਂ ਦੇ ਪਿੰਡ ਵੱਲੋਂ ਲਾਏ ਗਏ ਲੰਗਰ 'ਚ ਉਹ ਆਪਣੇ ਬੱਚਿਆਂ ਸਮੇਤ ਸੇਵਾ ਕਰਨ ਲਈ ਆਏ ਸਨ, ਜਿੱਥੇ 28 ਤਰੀਕ ਸ਼ਾਮ ਨੂੰ ਪਿੰਡ ਦੀ ਸੰਗਤ ਸਮੇਤ ਟਰੈਕਟਰ ਟਰਾਲੀ 'ਤੇ ਸਵਾਰ ਹੋ ਕੇ ਉਹ ਜਦੋਂ ਪਿੰਡ ਨੂੰ ਮੁੜ ਰਹੇ ਸਨ ਤਾਂ ਟ੍ਰੈਫ਼ਿਕ ਜ਼ਿਆਦਾ ਹੋਣ ਕਾਰਨ ਪਿੰਡ ਮੰਡੋਫਲ ਨਜ਼ਦੀਕ ਜਾਮ ਲੱਗ ਗਿਆ, ਜਿਸ ਦੌਰਾਨ ਇੱਕ ਨੌਜਵਾਨਾਂ ਦਾ ਗਰੁੱਪ ਗ਼ਲਤ ਸਾਈਡ ਤੋਂ ਟਰੈਕਟਰ 'ਤੇ ਸਵਾਰ ਹੋ ਕੇ ਆਇਆ, ਜੋ ਨਸ਼ੇ 'ਚ ਲੱਗ ਰਹੇ ਸਨ, ਜਿਨ੍ਹਾਂ ਦੇ ਸਾਈਡ ਨਾ ਮਿਲਣ 'ਤੇ ਗਾਲੀ-ਗਲੋਚ ਕਰਦੇ ਹੋਏ ਪਹਿਲਾਂ ਦੋ ਹੋਰ ਵਾਹਨ ਚਾਲਕਾਂ ਦੇ ਚਪੇੜਾਂ ਮਾਰੀਆਂ ਤੇ ਫਿਰ ਟਰੈਕਟਰ 'ਤੇ ਬੈਠੇ ਉਸ ਦੇ ਗੁਰਸਿੱਖ ਪੁੱਤਰ ਪਰਮੀਤ ਸਿੰਘ ਨੂੰ ਖਿੱਚ ਕੇ ਥੱਲੇ ਉਤਾਰ ਲਿਆ ਤੇ ਉਨ੍ਹਾਂ ਨੇ ਪਰਮੀਤ ਸਿੰਘ ਦੀ ਪੱਗੜੀ ਉਤਾਰਨ ਤੋਂ ਇਲਾਵਾ ਉਸਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਜਿਸ ਕਾਰਨ ਪਰਮੀਤ ਸਿੰਘ ਦੇ ਸਿਰ 'ਚ 15 ਟਾਂਕੇ ਲੱਗੇ ਹਨ।

ਹਰਜਿੰਦਰ ਸਿੰਘ ਨੇ ਦੋਸ਼ ਲਾਇਆ ਕਿ ਘਟਨਾ ਵਾਪਰਨ ਸਮੇਂ ਨੇੜੇ ਹੀ ਡਿਊਟੀ 'ਤੇ ਖੜ੍ਹੇ ਪੁਲਸ ਕਰਮਚਾਰੀਆਂ ਨੇ ਵੀ ਉਕਤ ਨੌਜਵਾਨਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਤੇ ਉਹ ਉੱਥੋਂ ਟਰੈਕਟਰ ਕੱਢ ਕੇ ਲੈ ਗਏ।ਪਰਮੀਤ ਸਿੰਘ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਦਵਿੰਦਰ ਸਿੰਘ ਉਰਫ਼ ਬਿੱਲਾ, ਹਰਜਿੰਦਰ ਸਿੰਘ, ਸੱਤਰਦੀਪ ਸਿੰਘ, ਬਲਜਿੰਦਰ ਸਿੰਘ ਉਰਫ਼ ਤੋਬੜ ਵਾਸੀਆਨ ਪਿੰਡ ਜੋਗੇਵਾਲ, ਅੰਤਰਪ੍ਰੀਤ ਸਿੰਘ ਵਾਸੀ ਪਿੰਡ ਨਾਈਵਾਲ, ਦਵਿੰਦਰ ਸਿੰਘ ਵਾਸੀ ਪਿੰਡ ਗੁਲਾਹੜ ਤੇ 3/4 ਅਣਪਛਾਤੇ ਨੌਜਵਾਨਾਂ ਵਿਰੁੱਧ ਅ/ਧ 341, 323, 506, 147, 148, 149 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਸਿਹਤ ਵਿਭਾਗ ਵੱਲੋਂ ਬੱਚਿਆਂ ਤੇ ਬਜ਼ੁਰਗਾਂ ਨੂੰ ਸਰਦੀ ਤੋਂ ਬਚਾਅ ਲਈ ਐਡਵਾਇਜ਼ਰੀ ਜਾਰੀ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ) ਸਰਦੀ ਦੇ ਮੌਸਮ ਕਾਰਨ ਸ਼ੀਤ ਲਹਿਰ ਸ਼ੁਰੂ ਹੋ ਚੁੱਕੀ ਹੈ, ਜਿਸ ਵਿੱਚ ਬਜ਼ੁਰਗ ਅਤੇ ਛੋਟੇ ਬੱਚੇ ਜ਼ਿਆਦਾ ਪ੍ਰਭਾਵਤ ਹੁੰਦੇ ਹਨ।ਉਨ੍ਹਾਂ ਨੂੰ ਸਰਦੀ ਲੱਗਣ ਨਾਲ ਜੇਕਰ ਸਮੇਂ ਸਿਰ ਇਲਾਜ ਨਾਂ ਕਰਵਾਇਆ ਜਾਵੇ ਤਾਂ ਕਈ ਵਾਰ ਖਤਰੇ ਦਾ ਕਾਰਨ ਬਣ ਸਕਦਾ ਹੈ।ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਡਵਾਈਜਰੀ ਜਾਰੀ ਕੀਤੀ ਗਈ ਹੈ। ਜ਼ਿਲ੍ਹਾ ਮਹਾਂਮਾਰੀ ਅਫ਼ਸਰ ਡਾਕਟਰ ਸੁਨੀਤਾ ਕੰਬੋਜ ਨੇ ਦੱਸਿਆ ਕਿ ਇਸ ਲਈ ਬਜ਼ੁਰਗ ਤੇ ਦਿਲ ਦੇ ਰੋਗਾਂ ਦੇ ਮਰੀਜ਼ ਸਵੇਰ ਅਤੇ ਦੇਰ ਸ਼ਾਮ ਦੇ ਸਮੇਂ ਜ਼ਿਆਦਾ ਠੰਡ ਅਤੇ ਧੁੰਦ ਹੋਣ 'ਤੇ ਸੈਰ ਕਰਨ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ਼ ਕਰਨ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਸਰਦੀ ਦੇ ਮੌਸਮ ਵਿੱਚ ਘਰਾਂ ਵਿੱਚ ਬੰਦ ਕਮਰੇ ਵਿੱਚ ਅੰਗੀਠੀ ਬਾਲ ਕੇ ਕਦੇ ਵੀ ਅੱਗ ਨਾ ਸੇਕੀ ਜਾਵੇ, ਕਿਉਂਕਿ ਅੱਗ ਬਲਣ ਨਾਲ ਕਾਰਬਨ ਮੋਨੋਆਕਸਾਈਡ ਗੈਸ ਬਣਦੀ ਹੈ ਤੇ ਜਿਸ ਨਾਲ ਬੰਦ ਕਮਰੇ ਵਿੱਚ ਆਕਸੀਜਨ ਦੀ ਕਮੀ ਹੋ ਜਾਂਦੀ ਹੈ, ਜੋ ਸਿਹਤ ਲਈ ਜਾਨਲੇਵਾ ਵੀ ਸਾਬਤ ਹੋ ਸਕਦੀ ਹੈ।ਸਿਵਲ ਸਰਜਨ ਵੱਲੋਂ ਸਿਹਤ ਵਿਭਾਗ ਦੇ ਜ਼ਿਲ੍ਹੇ ਅਧੀਨ ਆਉਂਦੇ ਹਸਪਤਾਲਾਂ ਦੇ ਸੀਨੀਅਰ ਮੈਡੀਕਲ ਅਫ਼ਸਰਾਂ ਨੂੰ ਠੰਡ ਨਾਲ ਪੀੜ੍ਹਤ ਮਰੀਜ਼ਾਂ ਦੇ ਇਲਾਜ ਲਈ ਹਸਪਤਾਲਾਂ ਵਿੱਚ ਲੋੜੀਂਦੇ ਇੰਤਜ਼ਾਮ ਕਰਨ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

ਸਿਹਤ ਮਾਹਿਰਾਂ ਅਨੁਸਾਰ ਸਰਦੀ ਦੇ ਮੌਸਮ ਵਿੱਚ ਛੋਟੇ ਬੱਚੇ ਇਸ ਮੌਸਮ ਵਿੱਚ ਜ਼ਿਆਦਾ ਬਿਮਾਰ ਹੁੰਦੇ ਹਨ, ਇਸ ਲਈ ਬੱਚਿਆਂ ਨੂੰ ਗਰਮ ਕੱਪੜੇ ਪਾਉਣੇ ਚਾਹੀਦੇ ਹਨ ਅਤੇ ਬੂਟ—ਜੁਰਾਬਾਂ ਅਤੇ ਸਿਰ ਅਤੇ ਟੋਪੀ ਪਾਉਣੀ ਚਾਹੀਦੀ ਹੈ। ਇਸ ਲਈ ਬੱਚਿਆ ਦਾ ਖਾਸ ਧਿਆਨ ਰੱਖਿਆ ਜਾਵੇ।

ਦਮਾ ਅਤੇ ਸਾਹ ਦੀ ਬਿਮਾਰੀ ਦੇ ਮਰੀਜ਼ ਬਹੁਤ ਜਿਆਦਾ ਠੰਡ ਹੋਣ ਤੇ ਘਰੋਂ ਬਾਹਰ ਜਾਣ ਤੋਂ ਗੁਰੇਜ਼ ਕਰਨ ਅਤੇ ਖੁਰਾਕ ਵਿੱਚ ਵੀ ਗਰਮ ਚੀਜ਼ਾਂ ਜਿਵੇਂ ਸੂਪ, ਚਾਹ, ਕਾਫੀ, ਸੰਤੁਲਿਤ ਖੁਰਾਕ ਦਾ ਸੇਵਨ ਕਰਨ। ਸ਼ਰੀਰ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਜਾਂ ਲੋੜ ਅਨੁਸਾਰ ਕੋਸਾ ਜਾਂ ਗ਼ਰਮ ਗੁਣਗੁਣਾ ਪਾਣੀ ਪੀਤਾ ਜਾਵੇ।ਜ਼ਿਆਦਾ ਤਕਲੀਫ਼ ਹੋਣ ਤੇ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਾਇਆ ਜਾਵੇ।

ਲੋਕ ਅਰਪਣ ਹੋਈ 'ਗੁਰਸੇਵਕ ਗੁਲਜ਼ਾਰਾਂ'

ਸਮਰਾਲਾ, (ਸੁਰਜੀਤ ਸਿੰਘ)- ਲੇਖਕ, ਕਵੀ ਅਤੇ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਦੀ ਕਵੀਸ਼ਰ ਪ੍ਰਸੰਗ ਪੁਸਤਕ 'ਗੁਰਸੇਵਕ ਗੁਲਜ਼ਾਰਾਂ' ਪੰਜਾਬੀ ਲੇਖਕ ਸਭਾ ਸ੍ਰੀ ਭੈਣੀ ਸਾਹਿਬ ਅਤੇ ਕੇਂਦਰੀ ਲਿਖਾਰੀ ਸਭਾ ਦੇ ਸਹਿਯੋਗ ਨਾਲ ਸ੍ਰੀ ਭੈਣੀ ਸਾਹਿਬ ਵਿਖੇ 150 ਦੇ ਕਰੀਬ ਵੱਡੇ ਅਦੀਬਾਂ, ਲੇਖਕਾਂ ਅਤੇ ਗੰਭੀਰ ਪਾਠਕਾਂ ਦੀ ਹਾਜ਼ਰੀ ਵਿਚ ਲੋਕ ਅਰਪਣ ਹੋਈ। ਪ੍ਰੋਗਰਾਮ ਦੇ ਆਗਾਜ਼ ਵਿਚ ਪੁਸਤਕ ਦੇ ਲੇਖਕ ਗੁਰਸੇਵਕ ਸਿੰਘ ਢਿੱਲੋਂ ਨੇ ਆਏ ਲੇਖਕਾਂ ਦਾ ਸਵਾਗਤ ਕੀਤਾ ਅਤੇ ਸੰਖੇਪ ਵਿਚ ਆਪਣੀ ਲੇਖਨ ਪ੍ਰਕਿਰਿਆ ਬਾਰੇ ਹਾਜ਼ਰ ਸਰੋਤਿਆਂ ਦੇ ਰੂ-ਬ-ਰੂ ਹੋਏ। ਗੁਰਸੇਵਕ ਸਿੰਘ ਢਿੱਲੋਂ ਦੀ ਇਹ ਤੀਜੀ ਪੁਸਤਕ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀ ਕਲਮ 'ਮਹਾਰਾਜਾ ਰਣਜੀਤ ਸਿੰਘ ਦੀ ਮੌਤ' ਅਤੇ 'ਪੂਰਨ ਭਗਤ ਦਾ ਕਿੱਸਾ' ਨੂੰ ਜਨਮ ਦੇ ਚੁੱਕੀ ਹੈ। ਆਪਣੇ ਕੁੰਜੀਵਤ ਭਾਸ਼ਣ ਵਿਚ ਪੰਜਾਬੀ ਦੇ ਉੱਘੇ ਕਹਾਣੀਕਾਰ ਸੁਰਿੰਦਰ ਰਾਮਪੁਰੀ ਨੇ ਕਿਹਾ ਕਿ ਗੁਰਸੇਵਕ ਸਿੰਘ ਢਿੱਲੋਂ ਨੇ ਕਵਿਤਾ, ਗਜ਼ਲਾਂ ਅਤੇ ਗੀਤ ਵੀ ਲਿਖੇ ਹਨ।

ਉਸ ਨੂੰ ਕਵੀਸ਼ਰ ਪ੍ਰਸੰਗ ਲਿਖਣ ਵਿਚ ਮੁਹਾਰਤ ਹਾਸਲ ਹੈ। ਉਨ੍ਹਾਂ ਦੱਸਿਆ ਕਿ ਪੁਸਤਕ ਵਿਚ ਬਾਈ ਪ੍ਰਸੰਗ ਲਿਖੇ ਹਨ। ਇਹ ਪ੍ਰਸੰਗ ਗੁਰੂ ਸਾਹਿਬਾਨ ਭਗਤ ਨਾਮਦੇਵ ਜੀ, ਭਾਈ ਨੰਦ ਲਾਲ ਗੋਯਾ, ਵਲੀ ਕੰਧਾਰੀ ਅਤੇ ਸ਼ਹੀਦਾਂ ਦੀ ਬਹਾਦਰੀ ਅਤੇ ਬਲੀਦਾਨ ਬਾਰੇ ਲਿਖੇ ਹਨ। ਮੌਜੂਦਾ ਪੁਸਤਕ ਦੀ ਰਚਨਾ ਵਿਚ ਉਹਨੇ ਝੋਕ, ਦੋਤਾਰਾ, ਮਿਰਜ਼ਾ, ਵਾਰ, ਕੋਰੜਾ, ਗੱਡੀ, ਕਲੀ, ਪਉੜੀ, ਕਮਾਨੀ, ਬੈਂਤ, ਕਾਫੀ ਅਤੇ ਡਿਓੜ ਆਦਿ ਛੰਦ ਵਰਤੋਂ ਵਿਚ ਲਿਆਂਦੇ ਹਨ। ਸਮਾਗਮ ਦੇ ਮੁੱਖ ਮਹਿਮਾਨ ਉਘੇ ਪੰਜਾਬੀ ਲੇਖਕ ਹਰਪਾਲ ਸਿੰਘ ਪੰਨੂੰ ਨੇ ਕਿਹਾ ਕਿ ਕਈ ਪੁਸਤਕਾਂ ਹੱਥੋ-ਹੱਥੀ ਅੱਗੇ ਤੋਰਨ ਵਾਲੀਆਂ ਹੁੰਦੀਆਂ ਹਨ, ਪਰ ਕਈ 'ਗੁਰਸੇਵਕ ਗੁਲਜ਼ਾਰਾਂ' ਵਰਗੀਆਂ ਪੁਸਤਕਾਂ ਸਾਂਭਣਯੋਗ ਹੁੰਦੀਆਂ ਹਨ। ਕਹਾਣੀਕਾਰ ਗੁਰਦਿਆਲ ਦਲਾਲ ਨੇ ਗੁਰਸੇਵਕ ਸਿੰਘ ਢਿੱਲੋਂ ਦੀ ਰਚਨਾ ਪ੍ਰਕਿਰਿਆ ਨੂੰ ਸਾਧਨਾ ਵਿਚੋਂ ਨਿਕਲੀ ਹੋਈ ਰਚਨਾਤਮਿਕਤਾ ਦੱਸਿਆ। ਦਰਸ਼ਨ ਬੁੱਟਰ, ਕਾਮਰੇਡ ਸਵਰਨ ਸਿੰਘ ਵਿਰਕ, ਡਾ. ਗੁਲਜ਼ਾਰ ਪੰਧੇਰ, ਸੂਬਾ ਬਲਵਿੰਦਰ ਸਿੰਘ ਅਤੇ ਹਰਪਾਲ ਦਿੰਘ ਸੇਵਕ ਨੇ ਵੀ ਪੁਸਤਕ ਅਤੇ ਪੰਜਾਬੀ ਸਾਹਿਤ ਬਾਰੇ ਆਪੋ ਆਪਣੇ ਵਿਚਾਰ ਰੱਖੇ। ਸ੍ਰੀ ਭੈਣੀ ਸਾਹਿਬ ਨਾਮਧਾਰੀ ਦਰਬਾਰ ਦੇ ਸੂਬਾ ਬਲਵਿੰਦਰ ਸਿੰਘ ਨੇ ਮਾਂ ਬੋਲੀ ਪੰਜਾਬੀ ਦੇ ਸਤਿਕਾਰ ਅਤੇ ਸਨਮਾਨ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਇੱਕ ਪ੍ਰਸੰਗ ਸਾਂਝਾ ਕਰਦਿਆਂ ਕਿਹਾ ਕਿ ਉਨ੍ਹਾਂ ਹੁਸ਼ਿਆਰਪੁਰ ਦੇ ਇੱਕ ਸਮਾਗਮ ਦੇ ਪੰਡਾਲ ਵਿਚੋਂ ਉਹ ਬਸਤਰ ਚੁਕਵਾ ਦਿੱਤੇ ਸਨ ਜਿਨ੍ਹਾਂ ਉੱਤੇ ਮਾਂ ਬੋਲੀ ਪੰਜਾਬੀ ਉਕਰੀ ਹੋਈ ਸੀ। ਸੂਬਾ ਬਲਵਿੰਦਰ ਸਿੰਘ ਨੇ ਸ੍ਰੀ ਭੈਣੀ ਸਾਹਿਬ ਵਿਖੇ ਅਦੀਬਾਂ ਦੇ ਇਕੱਠ 'ਤੇ ਖੁਸ਼ੀ ਜ਼ਾਹਰ ਕਰਦਿਆਂ ਸਾਰਿਆਂ ਦਾ ਸਵਾਗਤ ਕੀਤਾ। ਇਸ ਮੌਕੇ ਸਭਾ ਵੱਲੋਂ ਸਾਰੀਆਂ ਹਾਜ਼ਰ ਹੋਈਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿਚ ਮੁੱਖ ਤੌਰ 'ਤੇ ਲੇਖਿਕਾ ਬਲਜਿੰਦਰ ਕੌਰ ਕਲਸੀ, ਜਸਵਿੰਦਰ ਸਿੰਘ ਜੱਸ ਆਸਟ੍ਰੇਲੀਆ ਅਤੇ ਯੁਵਰਾਜ ਸਿੰਘ ਹਨ। ਇਸ ਤੋਂ ਇਲਾਵਾ ਇਲਾਕੇ ਦੀਆਂ 18 ਸਾਹਿਤ ਸਭਾਵਾਂ ਦੇ ਪ੍ਰਤੀਨਿਧੀਆਂ ਦਾ ਵੀ ਸਨਮਾਨ ਕੀਤਾ ਗਿਆ। ਹਾਜ਼ਰ ਲੇਖਕ ਸ਼ਖਸੀਅਤਾਂ ਵਿਚ ਮੁੱਖ ਤੌਰ 'ਤੇ ਪ੍ਰਿੰਸੀਪਲ ਪਰਮਿੰਦਰ ਸਿੰਘ ਬੈਨੀਪਾਲ, ਅਨਿਲ ਫਤਿਹਗੜ੍ਹ ਜੱਟਾਂ ਪ੍ਰਧਾਨ ਰਾਮਪੁਰ ਸਭਾ, ਜਸਵੀਰ ਝੱਜ, ਨਰਿੰਦਰ ਸ਼ਰਮਾ ਪ੍ਰਧਾਨ ਸਾਹਿਤ ਸਭਾ ਸਮਰਾਲਾ, ਹਰਨਾਮ ਸਿੰਘ ਡੱਲਾ, ਜਗਦੇਵ ਸਿੰਘ ਘੁੰਗਰਾਲੀ, ਜਗਜੀਤ ਗੁਰਮ, ਜਤਿੰਦਰ ਕੌਰ ਸੰਧੂ, ਡਾ. ਜਲੌਰ ਸਿੰਘ ਖੀਵਾ, ਜਤਿੰਦਰ ਕੌਰ ਮਾਹਲ, ਕਰਨੈਲ ਸੀਵੀਆ, ਲੇਖਕ ਅਤੇ ਪੱਤਰਕਾਰ ਬਲਬੀਰ ਬੱਬੀ, ਹਰਬੰਸ ਮਾਲਵਾ, ਟੀ. ਲੋਚਨ, ਨਿਰੰਜਨ ਸੂਖਮ, ਐਸ. ਨਸੀਮ ਆਦਿ। ਪੁਸਤਕ ਲੋਕ ਅਰਪਣ ਉਪਰੰਤ ਕਵੀ ਦਰਬਾਰ ਹੋਇਆ, ਜਿਸ ਵਿਚ ਹਾਜ਼ਰ ਕਵੀਆਂ ਨੇ ਆਪਣੇ ਕਲਾਮ ਪੇਸ਼ ਕੀਤੇ।ਕਹਾਣੀਕਾਰ ਤਰਨ ਸਿੰਘ ਬੱਲ ਨੇ ਮੰਚ ਸੰਚਾਲਣ ਦਾ ਕਾਰਜ ਨਿਭਾਇਆ।

ਕਾਤਰਾਂ

ਚੋਰੀ ਦੇ ਮੋਟਰਸਾਈਕਲ ਸਮੇਤ 2 ਗ੍ਰਿਫ਼ਤਾਰ

ਮਾਛੀਵਾੜਾ ਸਾਹਿਬ, (ਸ਼ੈਕੀ ਸ਼ਰਮਾ, ਜਗਦੀਸ਼ ਰਾਏ) ਪੁਲਸ ਵੱਲੋਂ ਚੋਰੀ ਦੇ ਮੋਟਰਸਾਈਕਲ ਸਮੇਤ ਜਗਜੀਤ ਸਿੰਘ ਉਰਫ਼ ਜੱਗਾ ਵਾਸੀ ਨੂਰਪੁਰ ਅਤੇ ਸਚਿਨ ਕੁਮਾਰ ਵਾਸੀ ਸ਼ੇਰਪੁਰ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਭਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਸਵੰਤ ਸਿੰਘ ਵਲੋਂ ਨੂਰਪੁਰ ਸੂਆ ਪੁਲੀ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਕਿ ਇੱਕ ਮੋਟਰਸਾਈਕਲ ਸਵਾਰ 2 ਨੌਜਵਾਨਾਂ ਨੂੰ ਜਾਂਚ ਲਈ ਰੋਕਿਆ। ਪੁਲਸ ਨੇ ਇਹ ਨੌਜਵਾਨ ਇਸ ਮੋਟਰਸਾਈਕਲ ਦੇ ਕੋਈ ਵੀ ਦਸਤਾਵੇਜ਼ ਪੇਸ਼ ਨਾ ਕਰ ਸਕੇ ਤੇ ਨਾ ਹੀ ਇਸ ਉੱਪਰ ਕੋਈ ਨੰਬਰ ਪਲੇਟ ਲੱਗੀ ਹੋਈ ਸੀ। ਪੁਲਿਸ ਅਨੁਸਾਰ ਇਨ੍ਹਾਂ ਦੋਵਾਂ ਵਿਅਕਤੀਆਂ ਨੇ ਇਹ ਮੋਟਰਸਾਈਕਲ ਚੋਰੀ ਕੀਤਾ ਸੀ ਜਿਸ 'ਤੇ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਨੂੰ ਅਦਾਲਤ ਵਿਚ ਪੇਸ਼ ਕਰਨ ਉਪਰੰਤ 1 ਦਿਨ ਦਾ ਰਿਮਾਂਡ ਲਿਆ ਹੈ।

ਕੋਟਸ਼ਮੀਰ ਵਿਖੇ ਨਵਜੋਤ ਸਿੱਧੂ ਦੀ ਲੋਕ ਮਿਲਣੀ 7 ਨੂੰ

ਮਾਨਸਾ (ਆਤਮਾ ਸਿੰਘ ਪਮਾਰ) ਸਾਬਕਾ ਲੋਕ ਸਭਾ ਮੈਂਬਰ ਤੇ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ 7 ਜਨਵਰੀ ਨੂੰ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਟਸ਼ਮੀਰ ਵਿਖੇ ਵਰਕਰ ਮਿਲਣੀ ਕਰਨ ਲਈ ਸਵੇਰੇ 11 ਵਜੇ ਪਹੁੰਚ ਰਹੇ ਹਨ।ਇਹ ਜਾਣਕਾਰੀ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਨੇ ਦਿੱਤੀ।ਉਨ੍ਹਾਂ ਸਮੁੱਚੇ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਇੱਕ ਇਮਾਨਦਾਰ, ਬੇਦਾਗ, ਪੰਜਾਬ ਦੇ ਮੁੱਦਿਆਂ ਦੀ ਗੱਲ ਕਰਨ ਵਾਲੇ ਤੇ ਕਰਤਾਰਪੁਰ ਦੇ ਲਾਂਘੇ ਨੂੰ ਖੁਲ੍ਹਵਾਉਣ ਵਾਲੇ ਨਵਜੋਤ ਸਿੰਘ ਸਿੱਧੂ ਦੇ ਵਿਚਾਰ ਸੁਣਨ ਲਈ ਸਮੇਂ ਸਿਰ ਕੋਟਸ਼ਮੀਰ ਵਿਖੇ ਪਹੁੰਚਣ ਤਾਂ ਜੁ ਇਸ ਰੈਲੀ ਨੂੰ ਸਫ਼ਲ ਬਣਾਇਆ ਜਾ ਸਕੇ।ਇਸ ਸਮੇਂ ਉਨ੍ਹਾਂ ਨਾਲ ਕਾਂਗਰਸ ਪਾਰਟੀ ਦੇ ਸਰਗਰਮ ਕਾਰਕੁੰਨਾਂ ਤੋਂ ਇਲਾਵਾ ਸਮਰਥਕ ਵੀ ਮੌਜੂਦ ਸਨ।

ਗੁਰਦੁਆਰਾ ਚਿੱਲਾ ਸਾਹਿਬ ਵਿਖੇ ਮਨਾਈ ਬਾਬਾ ਪ੍ਰੀਤਮ ਸਿੰਘ ਦੀ ਬਰਸੀ

ਸਿਰਸਾ (ਸੁਰਿੰਦਰ ਪਾਲ ਸਿੰਘ) ਸੱਚ ਦਾ ਮਾਰਗ, ਧਰਮ ਦੀ ਪਉੜੀ ਤੇ ਸਰਬੱਤ ਦਾ ਭਲੇ ਆਦੀ ਸ਼ਬਦਾਂ ਨੂੰ ਆਪਣੇ ਅੰਦਰ ਧਾਰਨ ਕਰਨ ਵਾਲੇ ਅਤੇ ਗੁਰਦੁਆਰਾ ਚਿੱਲਾ ਸਾਹਿਬ ਸਿਰਸਾ ਦੀ ਕਾਰ ਸੇਵਾ ਮੁਖੀ ਬਾਬਾ ਪ੍ਰੀਤਮ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿੱਚ ਹੀ ਬ੍ਰਹਮ ਗਿਆਨੀ ਦਾ ਦਰਜਾ ਪ੍ਰਾਪਤ ਕੀਤਾ ਅਤੇ 1917 ਤੋਂ 2011 ਤੱਕ ਗੁਰਬਾਣੀ ਨਾਲ ਕਾਰ ਸੇਵਾ ਵਿੱਚ ਮਹਾਨ ਯੋਗਦਾਨ ਪਾਇਆ।ਇਹ ਸ਼ਬਦ ਪ੍ਰਸਿੰਧ ਕਥਾਵਾਚਕ ਬਾਬਾ ਬੰਤਾ ਸਿੰਘ ਨੇ ਬਾਬਾ ਪ੍ਰੀਤਮ ਸਿੰਘ ਦੀ 12ਵੀਂ ਬਰਸੀ ਸਬੰਧੀ ਮਨਾਏ ਗਏ ਇਕੱਠ ਨੂੰ ਸੰਬੋਧਨ ਕਰਦਿਆਂ ਕਹੇ।ਉਨ੍ਹਾਂ ਸੰਗਤਾਂ ਨੂੰ ਗੁਰਬਾਣੀ ਉਪਦੇਸ਼ ਤੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਤ ਕੀਤਾ। ਕਥਾਵਾਚਕ ਬਾਬਾ ਬੰਤਾ ਸਿੰਘ ਨੇ ਕਿਹਾ ਕਿ ਖੁਸ਼ਕਿਸਮਤੀ ਹੈ ਕਿ ਇਸ ਇਤਿਹਾਸਕ ਅਸਥਾਨ ਦੀ ਸਾਂਭ-ਸੰਭਾਲ ਮਹਾਂ ਭਜਨੀਕ ਬਾਬਾ ਪ੍ਰੀਤਮ ਸਿੰਘ ਵੱਲੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਅਜਿਹੇ ਮਹਾਨ ਪੁਰਸ਼ ਦੀ ਬਰਸੀ ਨੂੰ ਸਮਰਪਤ ਧਾਰਮਿਕ ਪ੍ਰੋਗਰਾਮ ਤੇ ਗੁਰਦੁਆਰਾ ਕਾਰ ਸੇਵਾ ਚਿੱਲਾ ਸਾਹਿਬ ਟਰੱਸਟ ਵਲੋ ਲਾਏ ਗਏ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਵਿੱਚ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਗੁਰਦੁ

4-Dec-PAGE-8.qxd 1/3/2024 11:06 PM Page 1

ਜੰਗਲ ਬਰਬਾਦ ਹੋਣ ਕਾਰਨ ਜਾਨਵਰਾਂ ਤੇ ਪੰਛੀਆਂ ਦੀਆਂ ਵਧੀਆਂ ਮੁਸ਼ਕਲਾਂ : ਧੀਮਾਨ

ਮਾਹਿਲਪੁਰ (ਸਫ਼ਰੀ)

ਜੰਗਲਾਂ ਵਿਚ ਵਸਦੇ ਜੀਵ ਜੰਤੂ ਕੁਦਰਤੀ ਸੰਤੁਲਨ ਬਣਾ ਕੇ ਰੱਖਣ ਅਤੇ ਮਨੁੱਖਤਾ ਦੀ ਭਲਾਈ ਤੇ ਆਰਥਿਕਤਾ ਦੀ ਖੁਸ਼ਹਾਲੀ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।ਪਰ ਇਨ੍ਹਾਂ ਦੇ ਖਾਤਮੇ ਕਾਰਨ ਕੁਦਰਤੀ ਸੰਤੁਲਨ ਤੇਜੀ ਨਾਲ ਤਬਾਹ ਹੋ ਰਿਹਾ ਹੈ।ਜਿਸ ਦਾ ਬੁਰਾ ਪ੍ਰਭਾਵ ਲੋਕਾਂ ਦੀ ਸਿਹਤ ਅਤੇ ਦੇਸ਼ ਦੀ ਆਰਥਿਕਤਾ ਅਤੇ ਕਿਸਾਨਾਂ ਉਤੇ ਵੇਖਣ ਨੂੰ ਮਿਲ ਰਿਹਾ ਹੈ।ਇਸ ਸਬੰਧੀ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਮੀਤ ਪ੍ਰਧਾਨ ਜਸਵਿੰਦਰ ਕੁਮਾਰ,ਪ੍ਰਦੀਪ ਕੁਮਾਰ ਨੇ ਪੰਜਾਰ ਸਰਕਾਰ ਦੇ ਵਣ ਵਿਭਾਗ ਮੰਤਰਾਲੇ ਵਲੋਂ ਵਰਤੀਆਂ ਜਾ ਰਹੀਆਂ ਅਣਗਹਿਲੀਆਂ ਅਤੇ ਜੰਗਲਾਂ ਦੇ ਵਿਕਾਸ ਅਤੇ ਜੰਗਲੀ ਜੀਵ ਸੁੱਰਖਿਆ ਵਿਚ ਫੈਲੇ ਭ੍ਰਿਸ਼ਟਾਚਾਰ ਵੱਲ ਨਾ ਧਿਆਨ ਦੇਣ ਤੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਅੱਜ ਪਹਾੜਾਂ ਅਤੇ ਜੰਗਲੀ ਜੀਵ ਅਤੇ ਉਥੇ ਰਹਿ ਰਹੇ ਪੰਛੀਆਂ ਦੇ ਜੰਗਲ ਵਿਚੋਂ ਪ੍ਰਵਾਸ ਹੋਣ ਦੇ ਸਾਫ ਸਬੂਤ ਵੇਖਣ ਨੂੰ ਮਿਲ ਰਹੇ ਹਨ। ਜੰਗਲ,ਜੰਗਲੀ ਜੀਵ,ਪੱਛੀਆਂ ਅਤੇ ਮਨੁੱਖ ਦਾ ਆਪਸੀ ਅਹਿਮ ਮੇਲ ਹੈ ਤੇ ਸਾਰਾ ਕੁਝ ਇਕ ਦੂਸਰੇ ਉਤੇ ਨਿਰਭਰ ਕਰਦਾ ਹੈ।ਉਨ੍ਹਾਂ ਕਿਹਾ ਕਿ ਕੰਡੀ ਇਲਾਕੇ ਵਿਚ ਹਰ ਸਾਲ ਲੱਖਾਂ ਰੁਪਏ ਦੇ ਦਰਖਤ ਲਗਦੇ ਹਨ,ਪਰ 10 ਪ੍ਰਤੀਸ਼ਤ ਵੀ ਦਰਖਤਾਂ ਦਾ ਪਾਲਣਾ ਨਹੀਂ ਹੋ ਰਹੀ ਤੇ ਬਾਕੀ ਸਾਰਾ ਕੁਝ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹ ਰਹੇ ਹਨ। ਜੰਗਲ ਦੇ ਘਟਣ ਕਾਰਨ ਅਨੇਕਾਂ ਨੁਕਸਾਨ ਵੇਖਣ ਨੂੰ ਮਿਲ ਰਹੇ ਹਨ।ਪਹਾੜੀ ਇਲਾਕਿਆਂ ਵਿਚ ਜੰਗਲੀ ਜਾਨਵਰਾਂ ਤੇ ਪੰਛੀਆਂ ਦੇ ਭੋਜਨ ਅਤੇ ਪਾਣੀ ਦੀ ਵੱਡੀ ਘਾਟ ਵੇਖਣ ਨੂੰ ਮਿਲ ਰਹੀ ਹੈ।ਜੰਗਲਾਂ ਵਿਚ ਜੰਗਲੀ ਜੀਵ ਜੰਤੂਆਂ ਲਈ ਘਾਟ ਕਾਰਨ,ਜਾਨਵਰਾਂ ਦੀ ਵੱਡੀ ਗਿਣਤੀ ਵਿਚ ਮੈਦਾਨੀ ਇਲਾਕੇ ਵਿਚ ਪਰਵਾਸ ਹੋ ਰਿਹਾ ਹੈ ਤੇ ਮਾਸਾਹਾਰੀ ਲੋਕਾਂ ਦੇ ਹਥੋਂ ਜਾਨਵਰ ਮਾਰੇ ਜਾ ਰਹੇ ਹਨ ਤੇ ਸ਼ਿਕਾਰੀਆਂ ਨੂੰ ਸ਼ਿਕਾਰ ਕਰਨ ਦੇ ਮੌਕੇ ਮਿਲਦੇ ਹਨ।ਅਗਰ ਇਸੇ ਤਰ੍ਹਾਂ ਜੰਗਲੀ ਜਾਨਵਰ ਮੌਤ ਦੇ ਘਾਟ ਉਤਰਦੇ ਰਹੇ ਤਾਂ ਬਹਤ ਵੱਡਾ ਕੁਦਰਤੀ ਸਰੋਤਾਂ ਦਾ ਸੰਤੁਲਨ ਵਿਗੜ ਜਾਵੇਗਾ। ਧੀਮਾਨ ਨੇ ਕਿਹਾ ਕਿ ਜਾਨਵਰਾਂ ਦੇ ਨਾਂਅ ਅਤੇ ਉਨ੍ਹਾਂ ਨੂੰ ਸਾਧਨ ਮੁਹੱਈਆ ਕਰਵਾਉਣ ਦੇ ਨਾਂਅ 'ਤੇ ਹੁੰਦਾ ਭ੍ਰਿਸ਼ਟਾਚਾਰ ਅਤਿ ਘਾਤਕ ਹੈ ਤੇ ਕੁਦਰਤੀ ਸੰਤੁਲਨ ਲਈ ਵੱਡਾ ਨੁਕਸਾਨ ਦਾਇਕ ਹੈ।ਉਨ੍ਹਾਂ ਕਿਹਾ ਕਿ ਵਣ ਵਿਭਾਗ ਅਤੇ ਜੰਗਲੀ ਜੀਵ ਸੁੱਰਖਿਆ ਅਧਿਕਾਰੀਆਂ ਦੀਆਂ ਅਣਗਹਿਲੀਆਂ ਕਾਰਨ ਜੰਗਲੀ ਜੀਵਾਂ ਦਾ ਧੜੱਲੇ ਨਾਲ ਸ਼ਿਕਾਰ ਹੋ ਰਿਹਾ ਹੈ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜੰਗਲਾਂ ਨੂੰ ਬਚਾਉਣ ਅਤੇ ਜੰਗਲੀ ਜਾਨਵਰਾਂ ਦੀ ਰੱਖਿਆ ਲਈ ਲਾਮਬੰਦ ਹੋਣ।

ਸਰਕਾਰੀ ਫੂਡ ਕਰਾਫਟ ਇੰਸਟੀਚਿਊਟ ਨੇ ਮਿਡ-ਡੇ-ਮੀਲ ਕੁੱਕਾਂ ਨੂੰ ਦਿੱਤੀ ਟ੍ਰੇਨਿੰਗ

ਹੁਸ਼ਿਆਰਪੁਰ, (ਓ ਪੀ ਰਾਣਾ)-ਸਰਕਾਰੀ ਫੂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਵੱਲੋਂ ਮਿਡ-ਡੇ-ਮੀਲ ਕੁੱਕ-ਕਮ-ਹੈਲਪਰ ਬਲਾਕ ਮੁਕੇਰੀਆਂ-2 ਦੇ ਸਿਖਿਆਰਥੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਕਿੱਲ ਟੈਸਟਿੰਗ ਅਤੇ ਸਰਟੀਫਿਕੇਸ਼ਨ ਪ੍ਰੋਗਰਾਮ ਤਹਿਤ ਫੂਡ ਸਬੰਧੀ 6 ਦਿਨਾਂ ਦੀ ਟ੍ਰੇਨਿੰਗ ਦਿੱਤੀ ਗਈ। ਇਸ ਦੌਰਾਨ ਸਿਖਿਆਰਥੀਆਂ ਨੂੰ ਖਾਣਾ ਬਣਾਉਣ ਦੀ ਵਿਧੀ ਅਤੇ ਖਾਣੇ ਦੇ ਰੱਖ-ਰਖਾਅ ਬਾਰੇ ਟ੍ਰੇਨਿੰਗ ਦਿੱਤੀ ਗਈ ਅਤੇ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਸਰਟੀਫਿਕੇਟ ਅਤੇ ਡੀ. ਬੀ. ਟੀ ਰਾਹੀਂ 1800 ਰੁਪਏ ਦਾ ਫਜ਼ੀਫਾ ਵੀ ਪ੍ਰਦਾਨ ਕੀਤਾ ਗਿਆ। ਇਸ ਮੌਕੇ ਫੂਡ ਕਰਾਫਟ ਇੰਸਟੀਚਿਊਟ ਦੇ ਜ਼ਿਲ੍ਹਾ ਕੋਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ, ਮਿਡ-ਡੇ-ਮੀਲ ਮੁਕੇਰੀਆਂ-2 ਦੇ ਮੈਨੇਜਰ ਸੁਖਵਿੰਦਰ ਸਿੰਘ, ਟ੍ਰੇਨਿੰਗ ਵਿਭਾਗ ਵੱਲੋਂ ਮਨਦੀਪ ਤੁਲੀ, ਆਈ. ਐਚ. ਐਮ ਧਰਮਸ਼ਾਲਾ ਵੱਲੋਂ ਯਸ਼ਪਾਲ ਸਿੰਘ ਤੇ ਹੋਰ ਹਾਜ਼ਰ ਸਨ।

ਮਾਨ ਸਰਕਾਰ ਵੱਲੋਂ ਸ਼ਹਿਰ ਦੇ ਸੁੰਦਰੀਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ : ਰਾਜਾ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)

ਸੂਬਾ ਸਰਕਾਰ ਵੱਲੋਂ ਨਗਰ ਕੌਂਸਲ ਟਾਂਡਾ ਦੇ ਨਾਲ ਮਿਲ ਕੇ ਟਾਂਡਾ ਸ਼ਹਿਰ ਦੇ ਸੁੰਦਰੀਕਰਨ ਅਤੇ ਸਾਫ ਸਫਾਈ ਦਾ ਪੂਰਾ ਧਿਆਨ ਰੱਖਿਆ ਜਾਵੇਗਾ ਤਾਂ ਜੋ ਸ਼ਹਿਰ ਵਾਸੀਆਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਨਗਰ ਕੌਂਸਲ ਦਫਤਰ ਟਾਂਡਾ ਵਿਖੇ ਤਿਆਰ ਕੀਤੇ ਗਏ ਹਾਈਡਰੋਲਿਕ ਟਰੈਕਟਰ ਦੇ ਉਦਘਾਟਨ ਸਮੇਂ ਕੀਤਾ। ਇਸ ਮੌਕੇ ਹੋਰਨਾਂ ਤੋਂ ਸਿਟੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ, ਈ.ਓ ਰਾਮ ਪ੍ਰਕਾਸ਼ ਟਾਂਡਾ, ਕੌਂਸਲਰ ਹਰਕ੍ਰਿਸ਼ਨ ਸੈਣੀ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ ਈ.ਐਮ.ਈ ਕੁਲਦੀਪ ਸਿੰਘ ਘੁੰਮਣ, ਐਸ.ਓ ਗੁਰਵਿੰਦਰ ਸਿੰਘ ਅਤੇ ਠੇਕੇਦਾਰ ਪਰਮਿੰਦਰ ਸਿੰਘ ਸੋਢੀ ਵੀ ਮੌਜੂਦ ਸਨ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਸਮੇਂ-ਸਮੇਂ ਤੇ ਲੋੜ ਅਨੁਸਾਰ ਸ਼ਹਿਰ ਦੀ ਸਹੂਲਤ ਵਾਸਤੇ ਵੱਖ-ਵੱਖ ਮਸ਼ੀਨਾਂ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਸ਼ਹਿਰ ਵਿੱਚ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਇਸ ਹਾਈਡਰੋਲਿਕ ਟਰੈਕਟਰ ਦੇ ਨਾਲ ਸ਼ਹਿਰ ਵਿੱਚ ਸਫਾਈ ਸੇਵਕਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਇਸ ਨਾਲ ਸ਼ਹਿਰ ਦਾ ਕੂੜਾ ਚੁੱਕ ਸਿੱਧਾ ਹੀ ਟਰਾਲੀਆਂ ਵਿੱਚ ਪਾਇਆ ਜਾ ਸਕੇਗਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਹੋਰ ਦੱਸਿਆ ਕਿ ਨਗਰ ਕੌਂਸਲ ਟਾਂਡਾ ਅਤੇ ਗੜਦੀਵਾਲ ਵਲੋ ਕਰੀਬ 40 ਲੱਖ ਰੁਪਏ ਦੀ ਲਾਗਤ ਨਾਲ ਸਾਂਝੇ ਤੌਰ 'ਤੇ ਇੱਕ ਜੈਟਿੰਗ ਮਸ਼ੀਨ ਦੀ ਦੀ ਉਪਲਬਧ ਕਰਵਾਈ ਜਾ ਰਹੀ ਹੈ ਜਿਸ ਨਾਲ ਸ਼ਹਿਰ ਦੇ ਸੀਵਰੇਜ ਵਿੱਚ ਸਫਾਈ ਕਰਨ ਦੀ ਵਿਸ਼ੇਸ਼ ਸਹੂਲਤ ਮਿਲੇਗੀ। ਇਸ ਮੌਕੇ ਯੂਥ ਆਗੂ ਸੋਨੂ ਖੰਨਾ, ਯੂਥ ਆਗੂ ਪ੍ਰੇਮ ਪਡਵਾਲ ,ਆਕਾਸ਼ ਮਰਵਾਹਾ, ਕਮਲ ਧੀਰ ਓਮ ਪ੍ਰਕਾਸ਼ ਭੱਟੀ, ਸੁਰਿੰਦਰ ਜਾਜਾ,ਬੰਟੀ ਦਸਮੇਸ਼ ਨਗਰ, ਲੇਖ ਰਾਜ, ਗਿੰਨੀ ਅਰੋੜਾ,ਬਲਜੀਤ ਸੈਣੀ, ਰਾਜਨ ਮਲਹੋਤਰਾ ਵੀ ਮੌਜੂਦ ਸਨ।

ਸ਼ਿਕਾਰੀ ਬਾਜ਼ ਆ ਜਾਣ, ਨਹੀਂ ਤਾਂ ਸਖਤ ਕਾਰਵਾਈ ਹੋਵੇਗੀ : ਰਮਨਪ੍ਰੀਤ ਕੌਰ

ਮਾਹਿਲਪੁਰ (ਸਫ਼ਰੀ)

ਗੜ੍ਹਸ਼ੰਕਰ- ਆਦਮਪੁਰ ਨਹਿਰ ਵਿੱਚ ਜੰਗਲੀਂ ਸੂਰ ਦੇ ਬੱਚੇ ਦੇਖਣ ਤੋਂ ਬਾਅਦ ਇਸ ਦੀ ਜਾਣਕਾਰੀ ਜੰਗਲੀ ਜੀਵ ਸੁਰੱਖਿਆ ਵਿਭਾਗ ਗੜ੍ਹਸ਼ੰਕਰ ਨੂੰ ਦਿੱਤੀ ਗਈ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਵਣ ਗਾਰਡ ਮੈਡਮ ਰਮਨਪ੍ਰੀਤ ਕੌਰ ਨੇ ਆਪਣੀ ਟੀਮ ਦੇ ਨਾਲ ਮੌਕੇ 'ਤੇ ਪਹੁੰਚ ਕੇ ਜੰਗਲੀ ਸੂਰ ਦੇ ਬੱਚਿਆਂ ਨੂੰ ਨਹਿਰ ਵਿੱਚੋਂ ਬੜੀ ਮੁਸ਼ਕਲ ਨਾਲ ਬਾਹਰ ਕਢਵਾਇਆ। ਮੈਡਮ ਰਮਨਪ੍ਰੀਤ ਕੌਰ ਨੇ ਦੱਸਿਆ ਕਿ ਸੱਤ ਦੇ ਕਰੀਬ ਇਹ ਸੂਰ ਦੇ ਬੱਚੇ ਸ਼ਿਕਾਰੀਆਂ ਦੀਆਂ ਗੋਲੀਆਂ ਅਤੇ ਕੁੱਤਿਆਂ ਦੇ ਡਰ ਤੋਂ ਭੱਜਦੇ ਹੋਏ ਨਹਿਰ ਵਿੱਚ ਡਿੱਗ ਪਏ ਜਾਪਦੇ ਹਨ। ਸ਼ਿਕਾਰੀਆਂ ਨੂੰ ਸ਼ਿਕਾਰ ਕਰਨ ਤੋ ਮਨ੍ਹਾਂ ਕਰ ਰਹੇ ਹਾਂ ਪਰ ਉਹ ਇਹਨਾਂ ਬੇਜੁਬਾਨਿਆਂ ਨੂੰ ਮਾਰਨ ਤੋਂ ਬਾਜ ਨਹੀਂ ਆ ਰਹੇ। ਉਹਨਾਂ ਨੇ ਫਿਰ ਤੋਂ ਇਹਨਾਂ ਲੋਕਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਅਗਰ ਉਹ ਬਾਜ਼ ਨਾ ਆਏ ਤਾਂ ਉਨ੍ਹਾਂ ਖਿਲਾਫ ਸਖਤ ਐਕਸ਼ਨ ਲਿਆ ਜਾਵੇਗਾ।

ਨਵੇਂ ਟ੍ਰੈਫਿਕ ਰੂਲਾਂ ਨੂੰ ਤੁਰੰਤ ਰੱਦ ਕਰੇ ਕੇਂਦਰ ਸਰਕਾਰ : ਰਾਣਾ

ਨੰਗਲ (ਸੁਰਜੀਤ ਸਿੰਘ)

ਪੰਜਾਬ ਰੋਡਵੇਜ਼ ਪਨਬੱਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵਲੋਂ ਭਾਰਤ ਦੇ ਨਾਲ ਨਾਲ ਪੂਰੇ ਪੰਜਾਬ ਵਿੱਚ ਟ੍ਰੈਫਿਕ ਨਿਯਮਾਂ ਖਿਲਾਫ ਅਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਖਿਲਾਫ ਗੇਟ ਰੈਲੀਆਂ ਕਰਕੇ ਕੇਂਦਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਨੰਗਲ ਡਿਪੂ ਦੇ ਗੇਟ ਤੇ ਬੋਲਦਿਆਂ ਸੂਬਾ ਆਗੂ ਅਮਰਜੀਤ ਭੱਟੀ ਤੇ ਇੰਟਕ ਪ੍ਰਧਾਨ ਹਰਪਾਲ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਪਹਿਲਾ ਲੇਬਰ ਐਕਟਾਂ ਵਿੱਚ ਸੋਧ ਦੇ ਨਾਂਅ 'ਤੇ ਨਿੱਜੀ ਕੰਪਨੀ ਨੂੰ ਲੁੱਟ ਦਾ ਕਰਾਉਣ ਦੀ ਕੋਸ਼ਿਸ਼ ਫੇਰ ਕਿਸਾਨਾਂ ਤੇ ਐਕਟ ਲਿਆ ਕੇ ਕਿਸਾਨੀ ਦੀ ਲੁੱਟ ਕਰਾਉਣੀ ਚਾਹੀ ਸੀ ਹੁਣ ਟ੍ਰੈਫਿਕ ਨਿਯਮਾਂ ਵਿੱਚ ਸੋਧ ਦੇ ਨਾਂਅ 'ਤੇ ਪੂਰੇ ਭਾਰਤ ਦੇ ਡਰਾਈਵਰਾਂ ਆਮ ਵਰਗ 'ਤੇ ਮਾਰੂ ਕਾਨੂੰਨ ਲਾਗੂ ਕਰਨ ਵੱਲ ਕੇਂਦਰ ਸਰਕਾਰ ਤੁਰੀ ਹੈ ਜਿਸ ਦਾ ਪੂਰੇ ਭਾਰਤ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ। ਇਸ ਐਕਟ ਵਿੱਚ ਸੈਕਸ਼ਨ 106(2) ਬੀ ਐਨ ਐਸ ਵਿੱਚ ਡਰਾਈਵਰਾਂ ਨੂੰ 10 ਸਾਲ ਦੀ ਸਜ਼ਾ ਅਤੇ ਜੁਰਮਾਨੇ ਦੀ ਸੋਧ ਕੀਤੀ ਹੈ ਉਹ ਡਰਾਈਵਰਾਂ ਨਾਲ ਬਿਲਕੁੱਲ ਧੱਕੇਸ਼ਾਹੀ ਹੈ ਅਤੇ ਧਾਰਾ 104(2) ਵਿੱਚ ਸੋਧ ਦੋਸ਼ੀ ਨੂੰ ਵੀ ਗਵਾਹ ਬਣਾਉਣ ਦੀ ਗੱਲ ਕਹਿੰਦੀ ਹੈ ਉਹ ਭਾਰਤੀ ਸੰਵਿਧਾਨ ਦੀ ਧਾਰਾ 20(3) ਦੇ ਖਿਲਾਫ ਹੋ ਸਕਦੀ ਹੈ।

ਇਸ ਲਈ ਸਾਰੇ ਵਰਗਾਂ ਦੇ ਡਰਾਈਵਰਾਂ ਵਲੋਂ ਇਸ ਐਕਟ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਇਹ ਸੋਧ ਵਾਲਾ ਐਕਟ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਭਾਰਤ ਦੀ ਮੋਦੀ ਸਰਕਾਰ ਵਲੋਂ ਵਾਰ ਵਾਰ ਲੋਕ ਮਾਰੂ ਨੀਤੀਆਂ ਲਾਗੂ ਕਰਕੇ ਕਾਰਪੋਰੇਟ ਘਰਾਣਿਆਂ ਹੱਥੀਂ ਲੁੱਟ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੇ ਵਿਰੋਧ ਵਜੋਂ ਕੇਂਦਰ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ ਹੈ, ਜੇਕਰ ਕੇਂਦਰ ਸਰਕਾਰ ਵਲੋ ਟ੍ਰੈਫਿਕ ਰੂਲਾਂ ਵਿੱਚ ਕੀਤੀਆ ਸੋਧਾਂ ਵਾਪਿਸ ਨਾ ਕੀਤੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇੰਟਕ ਤੋਂ ਪ੍ਰਧਾਨ ਹਰਪਾਲ ਸਿੰਘ ਨੇ ਕਿਹਾ ਕਿ ਕੇਂਦਰ ਵਾਂਗ ਪੰਜਾਬ ਸਰਕਾਰ ਵੀ ਮੁਲਾਜ਼ਮ ਮਾਰੂ ਨੀਤੀਆਂ ਤੇ ਲੱਗੀ ਹੋਈ ਹੈ ਜਿਸ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ,ਠੇਕੇਦਾਰ ਵਿਚੋਲਿਆਂ ਨੂੰ ਬਾਹਰ ਕੱਢਣਾ,ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕਰਨਾ ਆਦਿ ਪੂਰਾ ਨਹੀਂ ਕੀਤਾ ਜਾ ਰਿਹਾ, ਦੂਸਰੇ ਪਾਸੇ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਜਿਸ ਵਿੱਚ ਡਿਊਟੀ ਤੋਂ ਫਾਰਗ ਕਰਮਚਾਰੀਆਂ ਨੂੰ ਬਹਾਲ ਕਰਨਾ,ਤਨਖ਼ਾਹ ਵਾਧੇ ਦਾ ਏਰੀਅਲ ਪਾਉਣਾ,ਕੰਡੀਸ਼ਨਾਂ ਵਿੱਚ ਸੋਧ ਆਦਿ ਸ਼ਾਮਿਲ ਹੈ, ਇਹਨਾਂ ਨੂੰ ਲਾਗੂ ਕਰਨ ਦੀ ਬਜਾਏ ਜਿਹੜੀਆਂ ਪਨਬੱਸਾਂ ਨੂੰ ਰੋਡਵੇਜ਼ ਵਿੱਚ ਸ਼ਾਮਿਲ ਕੀਤਾ ਗਿਆ ਹੈ ਕੰਟਰੈਕਟ ਮੁਲਾਜ਼ਮਾਂ ਨੂੰ ਉਹਨਾਂ ਬੱਸਾਂ ਨੂੰ ਚਲਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਕੰਟਰੈਕਟ ਮੁਲਾਜ਼ਮਾਂ ਦਾ ਉਵਰਟਾਈਮ ਬੰਦ ਕਰਨ ਦਾ ਪੱਤਰ ਕੱਢਿਆ ਗਿਆ ਅਜਿਹੀ ਸਥਿਤੀ ਵਿੱਚ ਕਰਮਚਾਰੀਆਂ ਕੋਲ ਸੰਘਰਸ਼ ਤੋਂ ਬਿਨਾਂ ਕੋਈ ਹੋਰ ਹੱਲ ਨਹੀਂ ਹੈ। ਯੂਨੀਅਨ ਵਲੋਂ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਨੀਤੀਆਂ ਵਿੱਰੁਧ ਮਿਤੀ 06/01/2024 ਨੂੰ ਜਲੰਧਰ ਵਿਖੇ ਸੂਬਾ ਪੱਧਰੀ ਮੀਟਿੰਗ ਕਰਕੇ ਤਿੱਖੇ ਸੰਘਰਸ਼ ਉਲੀਕੇ ਜਾਣਗੇ। ਇਸ ਮੌਕੇ ਹਾਜ਼ਰ ਸਾਥੀਆਂ ਵਿੱਚ ਗੁਰਪਾਲ ਸਿੰਘ ਅਸ਼ੋਕ ਕੁਮਾਰ ਮਨੋਹਰ ਲਾਲ ਹਰਪਾਲ ਸਿੰਘ ਦੀਪਕ ਕੁਮਾਰ ਗੁਰਪ੍ਰੀਤ ਸਿੰਘ ਮੋਹਿੰਦਰ ਸਿੰਘ ਜਸਬੀਰ ਸਿੰਘ ਵਿਨੇ ਰਾਣਾ ਤੇਜਿੰਦਰ ਸਿੰਘ ਪ੍ਰਦੀਪ ਕੁਮਾਰ ਹਰਭਜਨ ਸਿੰਘ ਹਾਜ਼ਰ ਸਨ।

ਗਰੀਬ ਪਰਵਾਰਾਂ ਨੂੰ ਅਲਾਟ ਕੀਤੇ ਗਏ 5-5 ਮਰਲੇ ਦੇ ਪਲਾਟਾਂ ਦੇ ਸਨਦ ਪੱਤਰ ਵੰਡੇ

ਭੋਗਪੁਰ: (ਗੁਰਪ੍ਰੀਤ ਸਿੰਘ ਭੋਗਲ)- ਪਿੰਡ ਈਸ਼ਰਵਾਲ (ਹਲਕਾ ਆਦਮਪੁਰ) ਵਿਖੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਵਲੋਂ ਪੰਜਾਬ ਸਰਕਾਰ ਵੱਲੋਂ 7 ਗਰੀਬ ਪਰਵਾਰਾਂ ਨੂੰ ਅਲਾਟ ਕੀਤੇ ਗਏ 5-5 ਮਰਲੇ ਦੇ ਪਲਾਟਾਂ ਦੇ ਸਨੰਦ ਪੱਤਰ ਵੰਡੇ ਗਏ।ਇਸ ਮੌਕੇ ਸਰਪੰਚ ਆਸ਼ਾ ਰਾਣੀ, ਪਰਮਜੀਤ ਸਿੰਘ ਰਾਜਵੰਸ਼ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ, ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਬਲਾਕ ਪ੍ਰਧਾਨ ਬੂਟਾ ਸਿੰਘ ਬਲਾਕ ਪ੍ਰਧਾਨ ਇੰਦਰਜੀਤ ਸਿੰਘ, ਮੰਗਾ ਰਾਮ ਜਿਲ੍ਹਾ ਜੋਇੰਟ ਸਕੱਤਰ ਐਸ ਸੀ ਵਿੰਗ, ਹਰਸਿਮਰਨ ਸਿੰਘ, ਜਨਕ ਰਾਜ, ਸੁਖਵਿੰਦਰ ਸਿੰਘ ਕਜਲਾ ਤੇ ਪਿੰਡ ਵਾਸੀ ਮੌਜੂਦ ਸਨ।

ਹਰਿਆਣਾ ਨੂੰ ਆਰਥਕ ਤੇ ਵਿੱਤੀ ਪੱਧਰ 'ਤੇ ਮਜ਼ਬੂਤ ਰਾਜ ਬਣਾਏਗੀ ਜੀ ਐਸ ਟੀ : ਮਨੋਹਰ ਲਾਲ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ, ਜੋ ਸੂਬ

4-Jan-PAGE-9.qxd 1/3/2024 11:18 PM Page 1

'ਹਿੱਟ ਐਂਡ ਰਨ' ਕਾਨੂੰਨ ਵਾਪਸ ਲੈਣ ਲਈ ਕੇਂਦਰ ਸਰਕਾਰ ਝੁਕੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡਾਂ ਅਤੇ ਸ਼ਹਿਰਾਂ ਦੇ 'ਚ ਮੁੱਕਣ ਲੱਗਿਆ ਪਿਆ ਸੀ ਪੈਟਰੋਲ ਤੇ ਡੀਜ਼ਲ, ਲੱਗੀਆਂ ਗਈਆਂ ਪੈਟਰੋਲ ਪੰਪਾਂ 'ਤੇ ਲਾਈਨਾਂ, ਕੇਂਦਰ ਸਰਕਾਰ ਵੱਲੋਂ ਡਰਾਇਵਰਾਂ ਖਿਲਾਫ ਲਿਆਂਦੇ ਨਵੇਂ ਕਾਨੂੰਨ ਹਿੱਟ ਐਂਡ ਰਨ ਕਾਰਨ ਪੂਰੇ ਦੇਸ਼ ਵਿੱਚ ਡਰਇਵਰਾਂ ਵੱਲੋਂ ਕੀਤੀ ਹੜਤਾਲ ਕਾਰਨ ਪੈਟਰੋਲ ਡੀਜ਼ਲ ਪਵਾਉਣ ਦੇ ਲਈ ਲੋਕੀ ਇੱਕ ਦੂਜੇ ਨਾਲ ਤਕਰਾਰ ਕਰਦੇ ਵੀ ਨਜ਼ਰ ਆਏ, ਸਵੇਰ ਤੋਂ ਦੁਪਹਿਰ ਤੱਕ ਸਾਰੇ ਪੈਟਰੋਲ ਪੰਪਾਂ ਤੇ ਡੀਜ਼ਲ ਖਤਮ ਹੋ ਗਿਆ ਜਦੋਂ ਕਿ ਇੱਕਾ ਦੁੱਕਾ ਪੈਟਰੋਲ ਪੰਪ ਤੇ ਪੈਟਰੋਲ ਜ਼ਰੂਰ ਪਾਇਆ ਜਾ ਰਿਹਾ ਸੀ, ਪਰੰਤੂ ਪੰਪ ਮਾਲਕਾਂ ਦੇ ਦੱਸਣ ਮੁਤਾਬਕ ਉਹਨਾਂ ਕੋਲ ਪੈਟਰੋਲ ਵੀ ਸੀਮਤ ਹੀ ਰਹਿ ਗਿਆ ਸੀ, ਦੁਪਹਿਰ ਢਾਈ ਵਜੇ ਤੱਕ ਜਿਆਦਾਤਰ ਪੈਟਰੋਲ ਪੰਪ ਬੰਦ ਹੋਣੇ ਸ਼ੁਰੂ ਹੋ ਗਏ ਸਨ ਤੇ ਪੰਪ ਮਾਲਕਾਂ ਵੱਲੋਂ ਪੈਟਰੋਲ ਅਤੇ ਡੀਜ਼ਲ ਖਤਮ ਹੋਣ ਦਾ ਹਵਾਲਾ ਦਿੱਤਾ ਜਾ ਰਿਹਾ ਸੀ।ਲੋਕਾਂ ਵਿੱਚ ਪੈਟਰੋਲ ਡੀਜ਼ਲ ਪਵਾਉਣ ਦੀ ਹਫੜਾ ਦਫੜੀ 2 ਜਨਵਰੀ ਤੜਕਸਾਰ ਤੋਂ ਇੱਕਦਮ ਵਧ ਗਈ।ਤੇਲ ਪਵਾਉਣ ਵਾਲੇ ਵਿਅਕਤੀਆਂ ਨੇ ਦੱਸਿਆ ਕਿ ਉਹਨਾਂ ਨੂੰ ਖਬਰ ਮਿਲੀ ਹੈ ਕਿ ਪੈਟਰੋਲ ਅਤੇ ਡੀਜ਼ਲ ਖਤਮ ਹੋ ਜਾਵੇਗਾ, ਜਿਸ ਲਈ ਉਹ ਆਪਣੇ ਵਾਹਨਾਂ ਦੇ ਵਿੱਚ ਤੇਲ ਭਰਵਾ ਰਹੇ ਹਨ।ਤੇਲ ਕੰਪਨੀਆਂ ਵੱਲੋਂ ਕੋਈ ਦਿੱਕਤ ਨਹੀਂ ਮੇਹਟੀਆਣਾ ਰੋਡ ਤੇ ਬਣੇ ਇੱਕ ਪੈਟਰੋਲ ਪੰਪ ਦੇ ਮਾਲਕ ਕਰਨਜੀਤ ਸਿੰਘ ਰਿੱਕੀ ਨੇ

ਗੱਲਬਾਤ ਕਰਦਿਆਂ ਦੱਸਿਆ ਕਿ ਇਹ ਟਰੱਕ ਡਰਾਈਵਰਾਂ ਦੀ ਹੜਤਾਲ ਕਾਰਨ ਹੀ ਹੈ, ਉਹਨਾਂ ਕਿਹਾ ਕਿ ਤੇਲ ਕੰਪਨੀਆਂ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਹੈ ਪ੍ਰੰਤੂ ਉਹਨਾਂ ਤੱਕ ਤੇਲ ਪਹੁੰਚਾਉਣ ਵਾਲੇ ਵਾਹਨ ਚਾਲਕਾ ਦੀ ਹੜਤਾਲ ਕਾਰਨ ਇਸ ਤਰ੍ਹਾਂ ਦੀ ਸਥਿਤੀ ਬਣੀ ਹੋਈ ਹੈ, ਉਹਨਾਂ ਕਿਹਾ ਕਿ ਜਦੋਂ ਇਹ ਹੜਤਾਲ ਖੁੱਲਦੀ ਹੈ ਉਸ ਤੋਂ ਬਾਅਦ ਹੀ ਉਹਨਾਂ ਕੋਲ ਤੇਲ ਪਹੁੰਚ ਸਕਦਾ ਹੈ ਜਿਸ ਤੋਂ ਬਾਅਦ ਲੋਕਾਂ ਨੂੰ ਪੈਟਰੋਲ ਡੀਜ਼ਲ ਦੀ ਕਮੀ ਤੋਂ ਰਾਹਤ ਮਿਲ ਸਕਦੀ ਹੈ।ਉਨ੍ਹਾਂ ਕੇਂਦਰ ਦੀ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਡਰਾਇਵਰਾਂ ਦੇ ਇਸ ਮਸਲੇ ਨੂੰ ਗੰਭੀਰਤਾ ਨਾਲ ਹੱਲ ਕਰੇ ।ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸਥਿਤੀ ਗੰਭੀਰ ਬਣਨ ਦਾ ਖਦਸ਼ਾ ਹੈ, ਕਿਉਂਕਿ ਸਕੂਲ ਬੱਸਾਂ, ਕਿਸਾਨਾਂ ਦੇ ਟਰੈਕਟਰ ਵੀ ਆਪਣੀ ਸਬਜੀ ਦੀ ਫ਼ਸਲ ਮੰਡੀ ਨਹੀ ਲਿਜਾ ਸਕਣਗੇ,,ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਵੀ ਰੁੱਕ ਜਾਣਗੀਆਂ ਤਾ ਸਾਰਾ ਜਨ ਜੀਵਨ ਠੱਪ ਹੋ ਜਾਵੇਗਾ ।ਇਸ ਲਈ ਕੇਂਦਰ ਸਰਕਾਰ ਇਸ ਵੱਲ ਤੁਰੰਤ ਧਿਆਨ ਦੇਵੇ।ਇਸ ਮੌਕੇ ਜਨਰਲ ਕੈਟਾਗਰੀ ਫਰੰਟ ਦੇ ਪ੍ਰਧਾਨ ਬਲਵੀਰ ਸੰਘ ਫੁਗਲਾਣਾ ਨੇ ਪ੍ਰੈੱਸ ਨਾਲ ਗਲਬਾਤ ਕਰਦਿਆਂ ਕਿਹਾ ਕਿ ਕੇਂਦਰ ਵੱਲੋਂ ਡਰਾਇਵਰ ਭਾਈਚਾਰੇ ਨੂੰ ਭਰੋਸੇ 'ਚ ਲੈ ਕੇ ਹੜਤਾਲ ਨੂੰ ਖਤਮ ਕਰਨ ਲਈ ਸਮੇਂ ਸਿਰ ਚੁੱਕੇ ਕਦਮ ਦਾ ਸਵਾਗਤ ਕੀਤਾ ਹੈ।ਇਹ ਵੀ ਚਿਤਾਵਨੀ ਦਿੱਤੀ ਕਿ ਜੇਕਰ ਡਰਾਇਵਰ ਭਾਈਚਾਰੇ ਦੀ ਮੰਗ ਨੂੰ ਕਿਸੇ ਤਰ੍ਹਾਂ ਵੀ ਠੁਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਸਮੁੱਚਾ ਜਨਰਲ ਵਰਗ ਅਤੇ ਸਮਾਜ ਸੇਵੀ ਜਥੇਬੰਦੀਆਂ ਡਰਾਇਵਰ ਭਾਈਚਾਰੇ ਦੀ ਪਿੱਠ 'ਤੇ ਖੜਨਗੀਆਂ।

ਸਾਲਾਨਾ ਛਿੰਝ ਮੇਲਾ 14 ਨੂੰ

ਫਿਲੌਰ (ਨਿਰਮਲ)-ਬਾਬਾ ਫਰੀਦ ਯਾਦਗਾਰੀ ਸਾਲਾਨਾ ਛਿੰਝ ਮੇਲਾ 14 ਜਨਵਰੀ ਦਿਨ ਐਤਵਾਰ ਨੂੰ ਪਿੰਡ ਤੇਹਿੰਗ (ਫਿਲੌਰ) ਵਿਖੇ ਪਿੰਡ ਨਿਵਾਸੀਆਂ ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਨਾਮੀ ਪਹਿਲਵਾਨ ਭਾਗ ਲੈਣਗੇ। ਇਹ ਜਾਣਕਾਰੀ ਸਰਪੰਚ ਸਤਪਾਲ ਸਿੰਘ ਜੌਹਲ ਵੱਲੋਂ ਦਿੱਤੀ ਗਈ।

ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਭਲਕੇ

ਨੰਗਲ (ਸੁਰਜੀਤ ਸਿੰਘ)-ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਸਬੰਧੀ ਮੀਟਿੰਗ 05 ਜਨਵਰੀ ਨੂੰ ਨਗਰ ਕੌਂਸਲ ਦਫਤਰ ਦੇ ਮੀਟਿੰਗ ਹਾਲ ਵਿਖੇ ਹੋਵੇਗੀ, ਜਿਸ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸਕੂਲ ਮੁੱਖੀ ਸ਼ਾਮਿਲ ਹੋਣਗੇ।ਇਹ ਜਾਣਕਾਰੀ ਐਸ.ਡੀ.ਐਮ. ਦਫ਼ਤਰ ਦੇ ਇਕ ਬੁਲਾਰੇ ਨੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਇਸ ਸਮਾਰੋਹ ਵਿੱਚ ਹੋਣ ਵਾਲੇ ਸੱਭਿਆਚਾਰਕ ਅਤੇ ਦੇਸ਼ ਭਗਤੀ ਦੇ ਪ੍ਰੋਗਰਾਮ ਦੀ ਚੋਣ ਕਰਨ ਲਈ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਹ ਕਮੇਟੀ ਪ੍ਰੋਗਰਾਮਾਂ ਦੀ ਚੋਣ ਕਰਕੇ ਉਨ੍ਹਾਂ ਦੀ ਰਿਹਰਸਲ ਵੀ ਕਰਵਾਵੇਗੀ। ਵੱਖ ਵੱਖ ਸਕੂਲਾਂ ਦੇ ਮੁੱਖੀ ਇਸ ਮੀਟਿੰਗ ਵਿੱਚ ਸ਼ਾਮਿਲ ਹੋਣਗੇ ਅਤੇ ਸਮਾਰੋਹ ਲਈ ਪੀ.ਟੀ. ਸ਼ੋਅ ਮਾਰਚ ਪਾਸਟ, ਪ੍ਰੇਡ ਆਦਿ ਲਈ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਦੀ ਚੋਣ ਵੀ ਕੀਤੀ ਜਾਵੇਗੀ।ਇਸ ਮੀਟਿੰਗ ਦੀ ਪ੍ਰਧਾਨਗੀ ਉੱਪ ਮੰਡਲ ਮੈਜਿਸਟ੍ਰੇਟ ਅਨਮਜੋਤ ਕੌਰ ਕਰਨਗੇ।

ਪੁਲਸ ਵਿਰੁੱਧ 32ਵੇਂ ਦਿਨ ਵੀ ਧਰਨਾ ਜਾਰੀ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)

ਬੀਤੇ ਦਿਨੀ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿਚ ਪੁਲਸ ਦਾਖਲੇ ਨਾਲ ਹੋਈ ਬੇਅਦਬੀ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ 32ਵੇਂ ਦਿਨ ਵੀ ਵੱਡੇ ਜੋਸ਼ ਨਾਲ ਧਰਨਾ ਜਾਰੀ ਰਿਹਾ।ਅੱਜ ਦੇ ਧਰਨੇ ਵਿੱਚ ਹਲਕਾ ਨਕੋਦਰ ਦੇ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਦੀ ਰਹਿਨੁਮਾਈ ਹੇਠ ਪਹੁੰਚੇ ਜੱਥੇ ਦੀ ਅਗਵਾਈ ਅਵਤਾਰ ਸਿੰਘ ਕਲੇਰ ਸਾਬਕਾ ਸੂਚਨਾ ਰਾਜ ਕਮਿਸ਼ਨ ਨੇ ਕੀਤੀ ਜਿਸ ਨੇ ਸੈਂਕੜੇ ਸਾਥੀਆਂ ਸਮੇਤ ਹਾਜ਼ਰੀ ਭਰੀ।ਧਰਨੇ ਦੌਰਾਨ

ਵੱਖ-ਵੱਖ ਬੁਲਾਰਿਆਂ ਨੇ ਸਰਕਾਰ ਦੀ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਜਿਸ ਮਾਮਲੇ ਨੂੰ ਗੱਲਬਾਤ ਰਾਹੀਂ ਹੱਲ ਕੀਤਾ ਜਾ ਸਕਦਾ ਸੀ, ਉਸ ਨੂੰ ਹੱਲ ਕਰਨ ਦੀ ਬਜਾਏ ਸਰਕਾਰ ਨੇ ਗੁਰੂ ਘਰ ਅੰਦਰ ਮਰਯਾਦਾ ਦੀ ਉਲੰਘਣਾ ਕਰਦਿਆਂ ਗੋਲੀ ਚਲਾਉਣ ਦੇ ਆਦੇਸ਼ ਦਿੱਤੇ, ਜਿਸ ਦੇ ਜ਼ੁੰਮੇਵਾਰ ਸਿੱਧੇ ਤੌਰ 'ਤੇ ਪੰਜਾਬ ਦੇ ਮੁੱਖ ਮੰਤਰੀ ਹਨ। ਸਰਕਾਰ ਵੱਲੋਂ ਦੋਸ਼ੀ ਅਧਿਕਾਰੀਆਂ ਖਿਲਾਫ ਕਿਸੇ ਕਿਸਮ ਦੀ ਕਾਰਵਾਈ ਨਾ ਕਰਨਾ ਸੰਗਤਾਂ ਅੰਦਰ ਰੋਸ ਅਤੇ ਰੋਹ ਪੈਦਾ ਕਰ ਰਿਹਾ ਹੈ। ਧਰਨੇ ਵਿੱਚ ਸਾਬਕਾ ਸੂਚਨਾ ਰਾਜ ਕਮਿਸ਼ਨ ਅਵਤਾਰ ਸਿੰਘ ਕਲੇਰ, ਲਸ਼ਕਰ ਸਿੰਘ ਹਰੀਮਪੁਰ, ਹਰਭਜਨ ਸਿੰਘ ਹੁੰਦਲ, ਰੁਪਿੰਦਰ ਸਿੰਘ ਰਾਣਾ, ਕੇਵਲ ਸਿੰਘ ਕੋਟ ਬਾਦਲ ਖਾ, ਤਨਵੀਰ ਸਿੰਘ ਆਲੋਵਾਲ, ਜਸਵੀਰ ਸਿੰਘ ਸਰਪੰਚ, ਗੁਰਚੇਤਨ ਸਿੰਘ ਟਾਹਲੀ, ਸੁਖਦੇਵ ਸਿੰਘ ਬਾਬਾ, ਤਲਵਿੰਦਰ ਸਿੰਘ ਧਾਲੀਵਾਲ, ਬਲਵਿੰਦਰ ਸਿੰਘ ਆਲੇਵਾਲੀ, ਊਧਮ ਸਿੰਘ ਔਲਖ, ਗਗਨ ਆਧੀ, ਜਸਪ੍ਰੀਤ ਸਿੰਘ ਪੀਏ ਵਡਾਲਾ,ਹਰਜਿੰਦਰ ਸਿੰਘ ਜਹਾਂਗੀਰ, ਭਜਨ ਸਿੰਘ ਜਹਾਂਗੀਰ, ਆਗਿਆਕਾਰ ਸਿੰਘ, ਸਾਬਕਾ ਚੇਅਰਮੈਨ ਗੁਰਜੰਟ ਸਿੰਘ, ਮੱਖਣ ਸਿੰਘ ਆਹਲੀ ਕਲਾਂ, ਉਂਕਾਰ ਸਿੰਘ ਆਹਲੀ ਕਲਾਂ ਸਮੇਤ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

ਖੇਲੋ ਇੰਡੀਆ ਯੂਥ ਗੇਮਜ਼ ਲਈ ਮੱਲਖੰਭ ਟੀਮਾਂ ਦੇ ਟਰਾਇਲ ਅੱਜ ਤੇ ਵਾਲੀਬਾਲ ਟਰਾਇਲ ਭਲਕੇ

ਚੰਡੀਗੜ੍ਹ, (ਕ੍ਰਿਸ਼ਨ ਗਰਗ)- 6ਵੀਆਂ ਖੇਲੋ ਇੰਡੀਆ ਯੂਥ ਗੇਮਜ਼ ਲਈ ਪੰਜਾਬ ਦੀਆਂ ਮੱਲਖੰਭ ਟੀਮਾਂ (ਲੜਕੇ ਤੇ ਲੜਕੀਆਂ) ਦੀ ਚੋਣ ਲਈ ਟਰਾਇਲ 3 ਜਨਵਰੀ ਅਤੇ ਵਾਲੀਬਾਲ (ਲੜਕੀਆਂ) ਦੀ ਟੀਮ ਲਈ ਚੋਣ ਟਰਾਇਲ 5 ਜਨਵਰੀ ਨੂੰ ਲਏ ਜਾ ਰਹੇ ਹਨ। ਇਹ ਖੇਡਾਂ ਤਾਮਿਲਨਾਡੂ ਵਿਖੇ 19 ਤੋਂ 31 ਜਨਵਰੀ ਤੱਕ ਕਰਵਾਈਆਂ ਜਾ ਰਹੀਆਂ ਹਨ।ਖੇਡ ਵਿਭਾਗ ਦੇ ਬੁਲਾਰੇ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੱਲਖੰਭ (ਲੜਕੇ ਅਤੇ ਲੜਕੀਆਂ) ਦੀ ਟੀਮ ਲਈ ਚੋਣ ਟਰਾਇਲ 3 ਜਨਵਰੀ ਨੂੰ ਸਵੇਰੇ 11 ਵਜੇ ਸੈਫਰਨ ਪਬਲਿਕ ਸਕੂਲ ਫਗਵਾੜਾ (ਕਪੂਰਥਲਾ) ਵਿਖੇ ਲਏ ਜਾ ਰਹੇ ਹਨ।ਇਸੇ ਤਰ੍ਹਾਂ ਵਾਲੀਬਾਲ (ਲੜਕੀਆਂ) ਦੀ ਟੀਮ ਲਈ ਚੋਣ ਟਰਾਇਲ 5 ਜਨਵਰੀ ਨੂੰ ਸਵੇਰੇ 11 ਵਜੇ ਸਪੋਰਟਸ ਕੰਪਲੈਕਸ ਸੈਕਟਰ 63 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਲਏ ਜਾ ਰਹੇ ਹਨ।ਖੇਡ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਟਰਾਇਲਾਂ ਵਿੱਚ ਹਿੱਸਾ ਲੈਣ ਦੇ ਚਾਹਵਾਨ ਖਿਡਾਰੀ/ਖਿਡਾਰਨਾਂ ਦੀ ਜਨਮ ਮਿਤੀ 1 ਜਨਵਰੀ 2005 ਜਾਂ ਇਸ ਤੋਂ ਬਾਅਦ ਦੀ ਹੋਣੀ ਚਾਹੀਦੀ ਹੈ।

510 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

ਫਗਵਾੜਾ (ਜਸਵਿੰਦਰ ਢੱਡਾ)

ਥਾਣਾ ਸਤਨਾਮਪੁਰਾ ਸਬ-ਇੰਸਪੈਕਟਰ ਬਲਜਿੰਦਰ ਸਿੰਘ ਜਲੰਧਰ ਦੀ ਨਿਗਰਾਨੀ ਹੇਠ ਐਸ ਆਈ ਰਣਜੀਤ ਸਿੰਘ ਕਪੂਰਥਲਾ ਨੂੰ 1 ਜਨਵਰੀ ਨੂੰ ਵੱਡੀ ਕਾਮਯਾਬੀ ਮਿਲੀ ਹੈ ਜਿਨ੍ਹਾ ਵੱਲੋਂ ਦੌਰਾਨੇ ਚੈਕਿੰਗ ਲਾਅ ਗੇਟ ਮਹੇੜੂ ਵਿਖੇ ਟੀ ਪੁਆਇੰਟ ਨੇੜੇ ਗੁੱਜਰਾਂ ਦਾ ਡੇਰਾ ਪੀ.ਜੀ. ਦੇ ਨਜ਼ਦੀਕ ਇਕ ਮੋਨਾ ਨੌਜਵਾਨ ਜੋ ਵਿਦੇਸ਼ੀ ਲਗਦਾ ਸੀ ਜੋ ਪੁਲਸ ਪਾਰਟੀ ਨੂੰ ਦੇਖ ਕੇ ਆਪਣੇ ਪਜਾਮੇ ਦੀ ਜੇਬ ਵਿਚੋਂ ਮੋਮੀ ਲਿਫਾਫਾ ਸਾਈਡ 'ਤੇ ਸੁੱਟ ਕੇ ਤੇਜ਼ ਕਦਮੀ ਖਿਸਕਣ ਲੱਗਾ। ਜਿਸ ਨੂੰ ਐਸ ਆਈ ਰਣਜੀਤ ਸਿੰਘ ਕਪੂਰਥਲਾ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਂ ਪਤਾ ਪੁੱਛਿਆ ਜਿਸ ਨੇ ਆਪਣਾ ਨਾਂ ਐਲਲਵਾਨ ਮਡੂ ਪੁੱਤਰ ਮਡੂ ਵਾਸੀ ਮਕਾਨ ਨੰਬਰ ਸੀ. 21 ਥਾਣਾ ਅਲਾਇਸ ਗੋਬੇ ਸਟੇਟ ਅਸ਼ਾਕਾ ਨਾਇਜੀਰੀਆ ਹਾਲ ਵਾਸੀ ਉਮੀਕੋਰਨ -1 ਸੀ. ਭਲਾਕ 202 ਗ੍ਰੇਟਰ ਨੋਇਡਾ ਦਿੱਲੀ ਦੱਸਿਆ।ਜੋ ਉਕਤ ਐਲਲਵਾਨ ਮਡੂ ਵਲੋਂ ਸੁੱਟੇ ਲਿਫਾਫੇ ਦੀ ਤਲਾਸ਼ੀ 'ਤੇ ਉਸ ਕੋਲੋਂ 510 ਨਸ਼ੀਲੀਆਂ ਗੋਲੀਆਂ ਰੰਗ ਫਿੱਕਾ ਸੰਤਰੀ ਬਿਨਾਂ ਮਾਰਕਾ ਬਰਾਮਦ ਹੋਈਆਂ। ਬਰਾਮਦਸ਼ੁਦਾ ਗੋਲੀਆਂ ਨੂੰ ਪੁਲਸ ਨੇ ਕਬਜ਼ੇ ਵਿਚ ਲੈ ਲਿਆ। ਜਿਸ 'ਤੇ ਮੁਕੱਦਮਾ ਦਰਜ ਕੀਤਾ ਗਿਆ। ਮੁਕੱਦਮੇ ਦੀ ਤਫਤੀਸ਼ ਦੌਰਾਨ ਦੋਸ਼ੀ ਐਲਲਵਾਨ ਮਡੂ ਪੁੱਤਰ ਮਡੂ ਵਾਸੀ ਮਕਾਨ ਨੰਬਰ ਸੀ. 21 ਥਾਣਾ ਅਲਾਇਸ ਗੋਬੇ ਸਟੇਟ ਅਸ਼ਾਕਾ ਨਾਇਜੀਰੀਆ ਹਾਲ ਵਾਸੀ ਉਮੀਕੋਰਨ -1 ਸੀ. ਭਲਾਕ 202 ਗ੍ਰੇਟਰ ਨੋਇਡਾ ਦਿੱਲੀ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਗਿਆ।

ਗਰੀਬ ਬੱਚਿਆਂ ਨਾਲ ਕੇਕ ਕੱਟ ਕੇ ਮਨਾਇਆ ਨਵਾਂ ਸਾਲ

ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)-ਭਾਜਪਾ ਦੇ ਦਿਹਾਤੀ ਦੇ ਜਨਰਲ ਸਕੱਤਰ ਮਨਮੀਤ ਵਿੱਕੀ ਵੱਲੋਂ ਨਵੇਂ ਸਾਲ ਦੀ ਆਮਦ ਤੇ ਝੁੱਗੀ ਝੌਪੜੀ ਵਾਲੇ ਗਰੀਬ ਬੱਚਿਆਂ ਨਾਲ ਕੇਕ ਕੱਟ ਕੇ ਅਤੇ ਮਠਿਆਈਆਂ ਵੰਡ ਕੇ ਨਵੇਂ ਸਾਲ ਮਨਾਇਆ ਉਹਨਾਂ ਵਿੱਚ ਬੈਠ ਕੇ ਸਮਾ ਬਤੀਤ ਕੀਤਾ ਤੇ ਇਕੱਠਿਆਂ ਬੈਠ ਕੇ ਚਾਹ ਪਾਣੀ ਪੀਤਾ, ਇਸ ਮੌਕੇ ਮਨਮੀਤ ਵਿੱਕੀ ਨੇ ਕਿਹਾ ਅਮੀਰ ਵਿਅਕਤੀ ਤਾਂ ਕਿਤੇ ਵੀ ਹੋਟਲਾਂ ਵਿੱਚ ਜਾ ਕੇ ਨਵਾਂ ਸਾਲ ਮਨਾਂ ਸਕਦੇ ਹਨ, ਪਰ ਇਹਨਾਂ ਬੇਘਰ ਬੱਚਿਆਂ ਨਾਲ ਨਵਾਂ ਸਾਲ ਮਨਾਂ ਕੇ ਮਨ ਨੂੰ ਸ਼ਾਂਤੀ ਮਹਿਸਸੂ ਹੋਈ। ਦੂਜੇ ਪਾਸੇ ਉਹਨਾਂ ਕਿਹਾ ਕਿ ਸਾਨੂੰ ਸਭਨਾਂ ਨੂੰ ਇਹਨਾਂ ਨਾਲ ਆ ਕੇ ਆਪਣੇ ਸਮਾਂ ਬਤੀਤ ਕਰਨਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਅਸੀ ਅਰਦਾਸ ਕਰਦੇ ਹਾਂ ਕਿ ਇਹ ਇਥੋਂ ਨਿਕਲ ਕੇ ਤਰੱਕੀਆਂ ਪ੍ਰਾਪਤ ਕਰਨ , ਇਸ ਮੌਕੇ ਤੇ ਕੁਲਵਿੰਦਰ ਸਿੰਘ, ਰਵੀ ਕੁਮਾਰ ਆਦਿ ਹਾਜ਼ਰ ਸਨ।

ਪਿਆਰ ਮੰਨਣ ਦਾ ਵਿਸ਼ਾ ਹੈ ਨਾ ਕਿ ਦੂਜਿਆਂ ਨੂੰ ਮਨਵਾਉਣ ਦਾ : ਮਾਤਾ ਸੁਦੀਕਸ਼ਾ

ਪੰਚਕੁਲਾ (ਕ੍ਰਿਸ਼ਨ ਗਰਗ)

ਪਿਆਰ ਮੰਨਣ ਦਾ ਵਿਸ਼ਾ ਹੈ ਨਾ ਕਿ ਦੂਜਿਆਂ ਨੂੰ ਮਨਵਾਉਣ ਦਾ । ਜਦੋਂ ਸਾਨੂੰ ਇਹ ਅਹਿਸਾਸ ਹੋ ਜਾਂਦਾ ਹੈ ਤਾਂ ਅਸੀਂ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਭਗਤੀ ਦੇ ਮਾਰਗ 'ਤੇ ਅੱਗੇ ਵਧ ਸਕਦੇ ਹਾਂ।ਇਹ ਪ੍ਰਵਚਨ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਨੇ ਨਵੇਂ ਸਾਲ ਦੇ ਸ਼ੁੱਭ ਮੌਕੇ 'ਤੇ ਗਰਾਊਂਡ ਨੰਬਰ 8 ਬੁਰਾੜੀ ਵਿਖੇ ਕਰਵਾਏ ਗਏ ਵਿਸ਼ੇਸ਼ ਸਤਿਸੰਗ ਸਮਾਗਮ 'ਚ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ । ਸਾਲ 2024 ਦੀ ਸ਼ੁਰੂਆਤ ਮੌਕੇ ਕਰਵਾਏ ਗਏ ਇਸ ਸਤਿਸੰਗ ਦਾ ਲਾਭ ਲੈਣ ਲਈ ਦਿੱਲੀ ਅਤੇ ਹੋਰਨਾਂ ਥਾਵਾਂ ਤੋਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਿਰਕਤ ਕੀਤੀ ਅਤੇ ਸਤਿਗੁਰੂ ਦੇ ਇਲਾਹੀ ਦਰਸ਼ਨ ਅਤੇ ਪਵਿੱਤਰ ਪ੍ਰਵਚਨ ਸੁਣ ਕੇ ਆਨੰਦ ਦਾ ਸਕੂਨ ਮਹਿਸੂਸ ਕੀਤਾ।ਇਸ ਮੌਕੇ ਨਿਰੰਕਾਰੀ ਰਾਜਪਿਤਾ ਰਮਿਤ ਨੇ ਸਾਧ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਿਰੰਕਾਰ ਪ੍ਰਤੀ ਸਾਡੀ ਆਸਥਾ ਅਤੇ ਸ਼ਰਧਾ ਸਾਡੇ ਨਿੱਜੀ ਅਧਿਆਤਮਕ ਅਨੁਭਵ 'ਤੇ ਅਧਾਰਤ ਹੋਣੀ ਚਾਹੀਦੀ ਹੈ ਨਾ ਕੇ ਕਿਸੇ ਹੋਰ ਦੇ ਕਹਿਣ ਤੇ ਪ੍ਰੇਰਿਤ ਹੋ ਕੇ। ਸਤਿਗੁਰੂ ਸਭ ਨੂੰ ਬਰਾਬਰ ਬ੍ਰਹਮਗਿਆਨ ਪ੍ਰਦਾਨ ਕਰਕੇ ਜੀਵਨ ਵਿੱਚ ਮੁਕਤੀ ਦਾ ਮਾਰਗ ਪ੍ਰਦਾਨ ਕਰ ਰਹੇ ਹਨ ਅਤੇ ਅਸੀਂ ਇਸ ਨੂੰ ਆਪਣੇ ਅਨੁਭਵ ਅਤੇ ਆਪਣੀ ਸੱਚੀ ਲਗਨ

4-JAN-PAGE-10.qxd 1/3/2024 10:40 PM Page 1

ਬੀ ਐੱਸ ਐੱਫ ਨੂੰ ਮਿਲਿਆ ਹੈਰੋਇਨ ਦਾ ਪੈਕੇਟ, ਪਾਕਿਸਤਾਨੀ ਡਰੋਨ ਨੇ ਖੇਤਾਂ 'ਚ ਸੁੱਟਿਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਬੀਐਸਐਫ ਦੇ ਜਵਾਨਾਂ ਨੇ ਭਾਰਤ-ਪਾਕਿਸਤਾਨ ਸਰਹੱਦ ਨੇੜੇ ਭਾਰਤੀ ਸਰਹੱਦ 'ਚ ਹੈਰੋਇਨ ਦੀ ਤਸਕਰੀ ਦੀ ਇੱਕ ਘਟਨਾ ਨੂੰ ਨਾਕਾਮ ਕਰ ਦਿੱਤਾ।ਸਰਹੱਦੀ ਪਿੰਡ ਐਲ.ਐਸ.ਵਾਲਾ ਨੇੜਿਓਂ ਸ਼ੱਕੀ ਹੈਰੋਇਨ ਦਾ ਪੈਕਟ ਬਰਾਮਦ ਹੋਇਆ ਹੈ।ਬਰਾਮਦ ਕੀਤੇ ਪੈਕੇਟ ਦੇ ਕੋਲ ਇੱਕ ਮੱਧਮ ਜਿਹੀ ਰੌਸ਼ਨੀ ਵਾਲੀ ਗੋਂਦ ਵੀ ਸੜਦੀ ਹੋਈ ਮਿਲੀ।ਬਰਾਮਦ ਹੋਏ ਪੈਕੇਟ ਦਾ ਭਾਰ 480 ਗ੍ਰਾਮ ਹੈ।ਬੀਐਸਐਫ਼ ਦੇ ਬੁਲਾਰੇ ਅਨੁਸਾਰ 1 ਜਨਵਰੀ ਦੀ ਸ਼ਾਮ ਨੂੰ ਇੱਕ ਖੇਪ ਦੀ ਮੌਜੂਦਗੀ ਬਾਰੇ ਵਿਸ਼ੇਸ਼ ਸੂਚਨਾ 'ਤੇ, ਚੌਕਸ ਬੀਐੱਸਐੱਫ ਦੇ ਜਵਾਨਾਂ ਨੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਐਲਐਸ ਵਾਲਾ ਦੇ ਬਾਹਰਵਾਰ ਤਲਾਸ਼ੀ ਮੁਹਿੰਮ ਚਲਾਈ।

ਤਲਾਸ਼ੀ ਮੁਹਿੰਮ ਦੌਰਾਨ ਸ਼ਾਮ 6.35 ਵਜੇ ਦੇ ਕਰੀਬ ਇੱਕ ਖੇਤ ਵਿੱਚੋਂ 1 ਪੈਕੇਟ (ਕੁੱਲ ਵਜ਼ਨ-480 ਗ੍ਰਾਮ) ਬਰਾਮਦ ਹੋਇਆ, ਜਿਸ ਵਿੱਚ ਹੈਰੋਇਨ ਹੋਣ ਦਾ ਸ਼ੱਕ ਸੀ, ਜਿਸ ਨੂੰ ਪੀਲੀ ਚਿਪਕਣ ਵਾਲੀ ਟੇਪ ਵਿੱਚ ਲਪੇਟਿਆ ਗਿਆ ਸੀ ਅਤੇ ਨਾਲ ਹੀ ਇੱਕ ਛੋਟੀ ਜਿਹੀ ਰੌਸ਼ਨੀ ਵਾਲੀ ਬਾਲ ਵੀ ਸੀ।ਤਸਕਰਾਂ ਵੱਲੋਂ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਇੱਕ ਹੋਰ ਕੋਸ਼ਿਸ਼ ਨੂੰ ਚੌਕਸ ਬੀਐਸਐਫ ਜਵਾਨਾਂ ਨੇ ਨਾਕਾਮ ਕਰ ਦਿੱਤਾ।ਫ਼ਿਰੋਜ਼ਪੁਰ ਬੀਐੱਸਐੱਫ ਰੇਂਜ ਅਧੀਨ ਸਾਲ 2024 ਵਿੱਚ ਹੈਰੋਇਨ ਦੀ ਤਸਕਰੀ ਦੀ ਇਹ ਪਹਿਲੀ ਘਟਨਾ ਸੀ, ਜਿਸ ਨੂੰ ਸਮੇਂ ਸਿਰ ਨਾਕਾਮ ਕਰ ਦਿੱਤਾ ਗਿਆ। ਪਿਛਲੇ ਕੁਝ ਸਮੇਂ ਤੋਂ ਦੇਖਿਆ ਜਾ ਰਿਹਾ ਹੈ ਕਿ ਵੱਡੀਆਂ ਖੇਪਾਂ ਦੀ ਥਾਂ ਸਮੱਗਲਰਾਂ ਨੂੰ ਛੋਟੀਆਂ ਖੇਪਾਂ ਮਿਲ ਰਹੀਆਂ ਹਨ ਤੇ ਉਹ ਵੀ ਘੱਟ ਸਮਰੱਥਾ ਵਾਲੇ ਛੋਟੇ ਡਰੋਨਾਂ ਤੋਂ, ਜਿਸ ਕਾਰਨ ਤਸਕਰ ਫੜੇ ਜਾਂਦੇ ਹਨ ਤੇ ਸਮੱਗਲਰਾਂ ਦਾ ਨੁਕਸਾਨ ਵੀ ਮੁਕਾਬਲਤਨ ਘੱਟ ਹੁੰਦਾ ਹੈ।ਇਸ ਨੂੰ ਧਿਆਨ ਵਿਚ ਰੱਖਦੇ ਹੋਏ ਉਹ ਸਰਹੱਦ ਪਾਰ ਤੋਂ ਛੋਟੇ ਪੈਕੇਟ ਭੇਜ ਰਿਹਾ ਹੈ।

ਹੈਲਥ ਸੁਪਰਵਾਈਜ਼ਰ ਮੇਲ ਤੇ ਲੈਬ ਟੈਕਨੀਸ਼ੀਅਨਾਂ ਦੀ ਮਹੀਨਾਵਾਰ ਮੀਟਿੰਗ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ)-ਸਿਹਤ ਵਿਭਾਗ ਸ੍ਰੀ ਮੁਕਤਸਰ ਸਾਹਿਬ ਵਲੋਂ ਡਾ. ਨਵਜੋਤ ਕੌਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨਗੀ ਵਿਚ ਜ਼ਿਲ੍ਹੇ ਅਧੀਨ ਕੰਮ ਕਰਦੇ ਸਮੂਹ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੇਲ ਅਤੇ ਮੈਡੀਕਲ ਲੈਬ ਟੈਕਨੀਸ਼ੀਅਨਾਂ ਦੀ ਮਹੀਨਵਾਰ ਮੀਟਿੰਗ ਦਫਤਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤੀ ਗਈ।ਇਸ ਸਮੇਂ ਡਾ. ਨਵਜੋਤ ਕੌਰ ਸਿਵਲ ਸਰਜਨ ਵੱਲੋਂ ਐਨ.ਵੀ.ਬੀ.ਡੀ.ਸੀ.ਪੀ., ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਅਤੇ ਵਾਟਰ ਸੈਂਪਲਾਂ ਬਾਰੇ ਸਟਾਫ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਫੀਲਡ ਸਟਾਫ ਨੂੰ ਆਉਣ ਵਾਲੇ ਸਮੇਂ ਵਿਚ ਕੋਵਿਡ, ਸਵਾਈਨ ਫਲੂ ਅਤੇ ਠੰਢ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਉ ਲਈ ਗਤੀਵਿਧੀਆਂ ਲਗਾਤਾਰ ਜਾਰੀ ਰੱਖਣ ਲਈ ਕਿਹਾ ਗਿਆ।

ਇਸ ਸਮੇਂ ਉਨ੍ਹਾਂ ਤੰਬਾਕੂ ਕੰਟਰੋਲ ਪ੍ਰੋਗਰਾਮ ਅਧੀਨ ਕੋਟਪਾ ਐਕਟ 2003 ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਚਲਾਨ/ਜੁਰਮਾਨਾ ਕਰਨ ਦੀਆਂ ਹਦਾਇਤਾਂ ਜਾਰੀਆਂ ਕੀਤੀਆਂ। ਤੰਬਾਕੂ ਦੇ ਬੁਰੇ ਪਰਭਾਵਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਵੀ ਕਿਹਾ। ਉਨ੍ਹਾ ਮੇਲਾ ਮਾਘੀ ਦੌਰਾਨ ਡਿਊਟੀਆਂ ਤਨਦੇਹੀ ਨਾਲ ਨਿਭਾਉਣ ਲਈ ਵੀ ਕਿਹਾ। ਇਸ ਮੌਕੇ ਡਾ. ਕੁਲਤਾਰ ਸਿੰਘ ਨੇ ਆਈ.ਡੀ.ਐਸ.ਪੀ. ਦੀਆਂ ਆਨਲਾਈਨ ਰਿਪੋਰਟਾਂ ਸਮੇਂ ਸਿਰ ਸਬਮਿਟ ਕਰਨ ਲਈ ਹਦਾਇਤਾਂ ਦਿੱਤੀਆਂ ਅਤੇ ਆਪਣੇ ਏਰੀਏ ਵਿਚ ਬਿਮਾਰੀਆਂ ਦੇ ਸਪਵੇਲੈਂਸ ਲਗਾਤਾਰ ਕਰਦੇ ਰਹਿਣ ਲਈ ਕਿਹਾ। ਇਸ ਮੌਕੇ ਜ਼ਿਲ੍ਹਾ ਹੈਲਥ ਇੰਸਪੈਕਟਰ ਭਗਵਾਨ ਦਾਸ, ਲਾਲ ਚੰਦ ਅਤੇ ਪਵਿੱਤਰ ਸਿੰਘ ਜ਼ਿਲ੍ਹਾ ਮੈਡੀਕਲ ਲੈਬ ਟੈਕਨੀਸ਼ੀਅਨ ਨੇ ਬੁਖਾਰ ਦੇ ਮਰੀਜ਼ਾਂ ਦੀਆਂ ਬਲੱਡ ਸਲਾਈਡਾਂ ਸਹੀ ਤਰੀਕੇ ਨਾਲ ਬਣਾਉਣ ਬਾਰੇ ਅਤੇ ਰਿਕਾਰਡ ਮੁਕੰਮਲ ਬਾਰੇ ਜਾਣਕਾਰੀ ਦਿੱਤੀ ।

ਉਨ੍ਹਾ ਅਪੀਲ ਕੀਤੀ ਕਿ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ, ਇਸ ਲਈ ਬੁਖਾਰ ਹੋਣ 'ਤੇ ਨੇੜੇ ਦੇ ਸਰਕਾਰੀ ਸਿਹਤ ਸੰਸਥਾ ਵਿਚ ਮਲੇਰੀਆ ਦਾ ਟੈਸਟ ਜ਼ਰੂਰ ਕਰਵਾਇਆ ਜਾਵੇ ।ਉਨ੍ਹਾ ਮੌਜੂਦਾ ਸਟਾਫ ਨੂੰ ਟੀਚੇ ਮੁਤਾਬਕ ਪੀਣ ਵਾਲੇ ਪਾਣੀ ਦੇ ਸੈਂਪਲ ਇਕੱਤਰ ਕਰਨ ਲਈ ਕਿਹਾ ।ਇਸ ਮੌਕੇ ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ, ਸੁਮਨਜੋਤ ਕੌਰ ਡਾਟਾ ਮੈਨੇਜਰ ਅਤੇ ਜ਼ਿਲ੍ਹੇ ਦੇ ਸਮੂਹ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੇਲ ਅਤੇ ਲੈਬ ਟੈਕਨੀਸ਼ੀਅਨ ਹਾਜ਼ਰ ਸਨ।

ਸਹੂਲਤਾਂ ਲਈ ਪ੍ਰਾਰਥੀ ਆਪਣਾ ਨਾਂਅ ਰੁਜ਼ਗਾਰ ਬਿਊਰੋ 'ਚ ਦਰਜ ਕਰਾਉਣ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) - ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਫਤਹਿਗੜ੍ਹ ਸਾਹਿਬ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵੱਖ-ਵੱਖ ਯਤਨ ਕੀਤੇ ਜਾ ਰਹੇ ਹਨ।ਰੁਜ਼ਗਾਰ ਬਿਊਰੋ ਵੱਲੋਂ ਕਊਂਸਲਿੰਗ, ਪਲੇਸਮੈਂਟ ਕੈਂਪ, ਰਜਿਸਟ੍ਰੇਸ਼ਨ ਕੈਂਪ, ਇਮਤਿਹਾਨਾਂ ਦੀ ਤਿਆਰੀ ਲਈ ਮੁਫ਼ਤ ਕੋਚਿੰਗ ਤੇ ਮੁਫ਼ਤ ਲਾਇਬ੍ਰੇਰੀ ਆਦਿ ਵਰਗੀਆਂ ਮੁੱਖ ਸੁਵਿਧਾਵਾਂ ਪ੍ਰਾਰਥੀਆਂ ਨੂੰ ਮੁਹੱਈਆ ਕਰਾਈਆਂ ਜਾ ਰਹੀਆਂ ਹਨ, ਪ੍ਰੰਤੂ ਪ੍ਰਾਰਥੀ ਇਨ੍ਹਾਂ ਸੁਵਿਧਾਵਾਂ ਦਾ ਲਾਭ ਤਾਂ ਹੀ ਪ੍ਰਾਪਤ ਕਰ ਸਕਣਗੇ ਜੇਕਰ ਉਨ੍ਹਾਂ ਦਾ ਨਾਂਅ ਰੁਜ਼ਗਾਰ ਬਿਊਰੋ ਵਿੱਚ ਦਰਜ ਹੋਵੇਗਾ।ਸ੍ਰੀਮਤੀ ਰੁਪਿੰਦਰ ਕੌਰ, ਜ਼ਿਲ੍ਹਾ ਰੋਜ਼ਗਾਰ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਪ੍ਰਾਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਸਹੀ ਕਿੱਤੇ ਦੀ ਚੋਣ ਕਰਾਉਣ ਵਿੱਚ ਰੋਜ਼ਗਾਰ ਬਿਊਰੋ ਅਹਿਮ ਭੂਮਿਕਾ ਨਿਭਾ ਰਿਹਾ ਹੈ।ਪ੍ਰਾਰਥੀਆਂ ਦੀ ਸਹੂਲਤ ਲਈ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਗਈ ਹੈ ਤੇ ਰੋਜ਼ਗਾਰ ਬਿਊਰੋ ਵੱਲੋਂ ਸਮੇਂ-ਸਮੇਂ 'ਤੇ ਪਲੇਸਮੈਂਟ ਕੈਂਪ ਅਤੇ ਕਾਊਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੁ ਪ੍ਰਾਰਥੀਆਂ ਨੂੰ ਰੋਜ਼ਗਾਰ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਮੁਹੱਈਆ ਕਰਾਈ ਜਾ ਸਕੇ। ਪ੍ਰਾਰਥੀ ਇਹ ਸਾਰੀਆਂ ਸਹੂਲਤਾਂ ਦਾ ਲਾਭ ਤਾਂ ਹੀ ਲੈ ਸਕਣਗੇ, ਜੇਕਰ ਉਹ ਇਸ ਦਫਤਰ ਵਿਖੇ ਰਜਿਸਟਰ ਹੋਣਗੇ।ਰੁਜ਼ਗਾਰ ਬਿਊਰੋ ਵੱਲੋਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਦਾ ਲਾਭ ਉਠਾਉਣ ਲਈ ਵੱਧ ਤੋਂ ਵੱਧ ਪ੍ਰਾਰਥੀਆਂ ਨੂੰ ਰੋਜ਼ਗਾਰ ਬਿਊਰੋ ਵਿੱਚ ਆਪਣਾ ਨਾਂਅ ਦਰਜ ਕਰਾਉਣ ਦੀ ਅਪੀਲ ਕੀਤੀ ਜਾਂਦੀ ਹੈ।ਨਾਂਅ ਦਰਜ ਕਰਾਉਣ ਲਈ ਪ੍ਰਾਰਥੀ ਦੇ ਸਾਰੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ, ਆਧਾਰ ਕਾਰਡ ਅਤੇ ਜਾਤੀ ਸਰਟੀਫਿਕੇਟ (ਕੇਵਲ ਅਨੁਸੂਚਿਤ ਤੇ ਪੱਛੜੀ ਸ਼੍ਰੇਣੀਆਂ ਲਈ) ਲੋੜੀਂਦੇ ਹਨ।ਪ੍ਰਾਰਥੀ ਆਪਣੇ ਅਸਲ ਸਰਟੀਫਿਕੇਟ ਅਤੇ ਫੋਟੋਕਾਪੀਆਂ ਲੈ ਕੇ ਕਿਸੇ ਵੀ ਕੰਮ ਵਾਲੇ ਦਿਨ ਰੋਜ਼ਗਾਰ ਬਿਊਰੋ ਵਿੱਚ ਆ ਕੇ ਆਪਣਾ ਨਾਂਅ ਦਰਜ ਕਰਾ ਸਕਦੇ ਹਨ।ਮੈਨੂਅਲ ਨਾਂਅ ਦਰਜ ਕਰਨ ਤੋਂ ਇਲਾਵਾ ਪ੍ਰਾਰਥੀਆਂ ਨੂੰ ਆਨਲਾਈਨ ਵੀ ਰਜਿਸਟਰ ਕੀਤਾ ਜਾਂਦਾ ਹੈ। ਰਜਿਸਟ੍ਰੇਸ਼ਨ ਉਪਰੰਤ ਪ੍ਰਾਰਥੀ ਉਪਰੋਕਤ ਸਾਰੀਆਂ ਸਹੂਲਤਾਂ ਦਾ ਲਾਭ ਉਠਾ ਸਕਣਗੇ ਤੇ ਉਨ੍ਹਾਂ ਨੂੰ ਰੁਜ਼ਗਾਰ ਦੇ ਮੌਕਿਆਂ ਦੀ ਤਾਜ਼ਾ ਸਥਿਤੀ ਬਾਰੇ ਵੀ ਜਾਣਕਾਰੀ ਮਿਲਦੀ ਰਹੇਗੀ।ਇਸ ਲਈ ਪ੍ਰਾਰਥੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਫ਼ਤਹਿਗੜ੍ਹ ਸਾਹਿਬ ਦੇ ਕਮਰਾ ਨੰ:114—ਏ, ਗਰਾਊਂਡ ਫਲੋਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਫ਼ਤਹਿਗੜ੍ਹ ਸਾਹਿਬ ਵਿਖੇ ਆ ਕੇ ਆਪਣਾ ਨਾਂਅ ਦਰਜ ਕਰਾਉਣ।

ਕਾਤਰਾਂ

7 ਤੋਂ ਰੇਲ ਸੇਵਾ ਹੋਵੇਗੀ ਪ੍ਰਭਾਵਤ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਪੰਜਾਬ ਵਿੱਚ 7 ਤੋਂ 19 ਜਨਵਰੀ ਤੱਕ ਰੇਲ ਸੇਵਾ ਪ੍ਰਭਾਵਤ ਹੋਣ ਜਾ ਰਹੀ ਹੈ।ਫ਼ਿਰੋਜ਼ਪੁਰ ਡਵੀਜ਼ਨ ਰੇਲਵੇ ਅਧੀਨ ਬੱਦੋਵਾਲ ਅਤੇ ਮੁੱਲਾਂਪੁਰ ਯਾਰਡਾਂ 'ਤੇ ਮੁਰੰਮਤ ਅਤੇ ਪੁਨਰ ਨਿਰਮਾਣ ਦਾ ਕੰਮ ਚੱਲ ਰਿਹਾ ਹੈ।ਟਰੇਨਾਂ ਨੂੰ ਰੱਦ ਕਰਨ ਦੇ ਨਾਲ-ਨਾਲ ਹੋਰ ਟਰੇਨਾਂ ਨੂੰ ਬਦਲਵੇਂ ਰੂਟਾਂ 'ਤੇ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। 04464 ਫ਼ਿਰੋਜ਼ਪੁਰ ਕੈਂਟ-ਲੁਧਿਆਣਾ ਐਕਸਪ੍ਰੈਸ-7 ਤੋਂ 19 ਜਨਵਰੀ ਤੱਕ, 04997 ਲੁਧਿਆਣਾ-ਫ਼ਿਰੋਜ਼ਪੁਰ ਕੈਂਟ ਐਕਸਪ੍ਰੈਸ-7 ਤੋਂ 19 ਜਨਵਰੀ ਤੱਕ, 06982 ਫ਼ਿਰੋਜ਼ਪੁਰ ਕੈਂਟ-ਲੁਧਿਆਣਾ ਐਕਸਪ੍ਰੈਸ 19 ਜਨਵਰੀ, 04625 ਲੁਧਿਆਣਾ-ਫ਼ਿਰੋਜ਼ਪੁਰ ਕੈਂਟ ਐਕਸਪ੍ਰੈਸ 19 ਜਨਵਰੀ ਰੱਦ ਹੋਈਆਂ ਹਨ।

ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਕੋਟਕਪੂਰਾ ਇਕਾਈ ਨੇ ਵਾਹਨਾਂ 'ਤੇ ਰਿਫਲੈਕਟਰ ਲਗਾਏ

ਕੋਟਕਪੂਰਾ (ਰਛਪਾਲ ਭੁੱਲਰ) ਅੱਜ-ਕੱਲ੍ਹ ਸੰਘਣੀ ਧੁੰਦ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਕੋਟਕਪੂਰਾ ਨੇ ਹਰਪ੍ਰੀਤ ਸਿੰਘ ਚਾਨਾ ਪ੍ਰਧਾਨ ਦੀ ਅਗਵਾਈ ਅਧੀਨ ਬਾਬਾ ਮਿਲਕ ਦੇ ਸਹਿਯੋਗ ਨਾਲ ਰਿਫਲੈਕਟਰ ਲਗਾਏ । ਮੁੱਖ ਮਹਿਮਾਨ ਮਨੋਜ ਕੁਮਾਰ ਸ਼ਰਮਾ ਇੰਸਪੈਕਟਰ ਥਾਣਾ ਸਿਟੀ ਨੇ ਕਿਹਾ ਕਿ ਸੰਘਣੀ ਧੁੰਦ ਕਾਰਨ ਹਾਦਸੇ ਵਾਪਰਨ ਦੀਆਂ ਘਟਨਾਵਾਂ ਵਿੱਚ ਬਹੁਤ ਵਾਧਾ ਹੋਇਆ ਹੈ ਤੇ ਪ੍ਰੈੱਸ ਦਾ ਇਹ ਕਦਮ ਬਹੁਤ ਸ਼ਲਾਘਾਯੋਗ ਹੈ । ਇਸ ਮੌਕੇ ਗੁਰਿੰਦਰ ਸਿੰਘ ਮਹਿੰਦੀਰੱਤਾ, ਰਛਪਾਲ ਸਿੰਘ ਭੁੱਲਰ, ਮੇਘ ਰਾਜ, ਡਾ. ਭਾਵਿਤ ਗੋਇਲ, ਅਮਿਤ ਸ਼ਰਮਾ, ਨਰਿੰਦਰ ਬੈੜ੍ਹ, ਚੰਦਰ ਗਰਗ, ਗੁਰਮੀਤ ਮੀਤਾ ਤੋਂ ਇਲਾਵਾ ਹੋਰ ਵੀ ਕਾਫੀ ਪੱਤਰਕਾਰ ਹਾਜ਼ਰ ਸਨ ।

ਫਤਹਿਗੜ੍ਹ ਛੰਨਾਂ 'ਚ ਗੁਰਮਤਿ ਕੈਂਪ

ਸੰਗਰੂਰ (ਪ੍ਰਵੀਨ ਸਿੰਘ)-ਪਿੰਡ ਫਤਹਿਗੜ੍ਹ ਛੰਨਾਂ ਦੇ ਗੁਰਦੁਆਰਾ ਅਬਚਲ ਨਗਰ ਸਾਹਿਬ ਵਿਖੇ ਐਜੂਕੇਟ ਪੰਜਾਬ ਪ੍ਰੋਜੈਕਟ ਅਤੇ ਗੁਰੂ ਨਾਨਕ ਮਲਟੀਵਰਸਿਟੀ ਲੁਧਿਆਣਾ ਵੱਲੋਂ 3 ਰੋਜ਼ਾ ਗਰਮਤਿ ਕੈਂਪ ਲਗਾਇਆ ਗਿਆ।ਜਿਸ ਵਿੱਚ 50 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਜਿਸ ਵਿੱਚ ਸੰਸਥਾ ਦੇ ਯੂਥ ਕੌਂਸਲਰ ਭਾਈ ਰਾਜਵੀਰ ਸਿੰਘ ਅਤੇ ਬੀਬੀ ਰਣਜੀਤ ਕੌਰ ਨੇ ਬੱਚਿਆਂ ਨੂੰ ਗੁਰਮਤਿ ਮਰਿਆਦਾ, ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੋੜਿਆ। ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਦੱਸਿਆ ਗਿਆ। ਇਸ ਕੈਂਪ ਵਿੱਚ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਕੈਂਪ ਦੀ ਸਮਾਪਤੀ ਸਮੇਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਸੰਸਥਾ ਵੱਲੋਂ ਬੱਚਿਆਂ ਨੂੰ ਧਾਰਮਿਕ ਫਿਲਮਾਂ ਵੀ ਦਿਖਾਈਆਂ ਗਈਆਂ। ਇਸ ਮੌਕੇ ਪੁਸ਼ਵਿੰਦਰ ਸਿੰਘ, ਸਤਿਗੁਰ ਸਿੰਘ, ਸੁਖਵਿੰਦਰ ਸਿੰਘ ਹਾਜ਼ਰ ਸਨ।

ਭਾਰਤ ਵਿਕਾਸ ਪ੍ਰੀਸ਼ਦ ਨੇ ਲੋੜਵੰਦਾਂ ਨੂੰ ਕੰਬਲ ਵੰਡੇ

ਬਾਘਾ ਪੁਰਾਣਾ (ਮਨੀ ਸਿੰਗਲਾ)- ਕੜਾਕੇ ਦੀ ਪੈ ਰਹੀ ਠੰਢ ਨੂੰ ਦੇਖਦੇ ਹੋਏ ਅੱਜ ਭਾਰਤ ਵਿਕਾਸ ਪ੍ਰੀਸ਼ਦ ਨੇ ਮਹਿੰਦਰਾ ਪੈਲੇਸ 'ਚ ਲੋੜਵੰਦਾਂ ਨੂੰ ਕੰਬਲ ਵੰਡੇ ਅਤੇ ਸਰਦੀ ਤੋਂ ਰਾਹਤ ਦਿਵਾਈ। ਇਸ ਮੌਕੇ ਪ੍ਰਧਾਨ ਭੂਸ਼ਨ ਗੋਇਲ ਨੇ ਲੋੜਵੰਦਾਂ ਨੂੰ ਕੰਬਲ ਵੰਡਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੰਬਲ ਖੁੱਲ੍ਹੀ ਗਊਸ਼ਾਲਾ ਚੰਨੂੰਵਾਲਾ ਰੋਡ, ਗਊ ਗੋਪਾਲ ਗਊਸ਼ਾਲਾ ਮੁੱਦਕੀ ਰੋਡ, ਸੰਤ ਮਹੇਸ਼ ਮੁਨੀ ਗਊ ਹਸਪਤਾਲ ਰੋਡੇ ਰੋਡ, ਸੰਤ ਮਹੇਸ਼ ਮੁਨੀ ਬੋਰੇ ਵਾਲੇ, ਗਊਸ਼ਾਲਾ ਜੈ ਸਿੰਘ ਵਾਲਾ ਰੋਡ ਅਤੇ ਬੱਸ ਸਟੈਂਡ ਵਿਚ ਵੀ ਬੈਠੇ ਲੋੜਵੰਦਾਂ ਨੂੰ ਕੰਬਲ ਦਿੱਤੇ ਗਏ। ਲੋੜਵੰਦਾਂ ਨੇ ਭਾਰਤ ਵਿਕਾਸ ਪ੍ਰੀਸ਼ਦ ਦਾ ਧੰਨਵਾਦ ਕੀਤਾ। ਇਸ ਮੌਕੇ ਚੇਅਰਮੈਨ ਸ਼ਸ਼ੀ ਗਰਗ, ਦਵਿੰਦਰ ਬਾਂਸਲ ਲਧਾਈ ਕੇ, ਕੇਵਲ ਕ੍ਰਿਸ਼ਨ ਬਾਂਸਲ, ਯੋਗੇਸ਼ ਬਾਂਸਲ, ਸੰਜੀਵ ਕੁਮਾਰ, ਹਰਪ੍ਰੀਤ ਸਿੰਘ ਘੋਟੂ, ਅਜੇ ਗੂੰਬਰ, ਰਮਨ ਅਗਰਵਾਲ, ਗਗਨਦੀਪ ਅਗਰਵਾਲ, ਅਜੇ ਦੁਆ, ਸੰਜੀਵ ਮਿੱਤਲ ਆੜ੍ਹਤੀ, ਮਨੋਹਰ ਲਾਲ ਅਤੇ ਹੋਰ ਹਾਜ਼ਰ ਸਨ। ਇਸ ਮੌਕੇ ਭਾਰਤ ਵਿਕਾਸ ਦੀ ਟੀਮ ਨੇ ਸਾਰਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਭੂਸ਼ਨ ਗੋਇਲ ਨੇ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਲਗਾਤਾਰ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ, ਜਿੱਥੇ ਕਿ ਠੰਢ ਦੇ ਨਾਲ ਨਾਲ ਧੁੰਦ ਦਾ ਕਹਿਰ ਵੀ ਪੂਰੀ ਤਰ੍ਹਾਂ ਜ਼ੋਰਾਂ 'ਤੇ ਹੈ, ਜਿੱਥੇ ਕਿ ਦੋ ਦਿਨ ਪਹਿਲਾਂ ਮੇਨ ਚੌਕ ਵਿਚ ਗੱਡੀਆਂ ਨੂੰ ਰੋਕ ਕੇ ਰਿਫਲੈਕਟਰ ਲਗਾਏ ਜੋ ਕਿ ਕੋਈ ਵੀ ਦੁਰਘਟਨਾ ਨਾ ਵਾਪਰ ਸਕੇ।

ਸਿਮਰਨਜੀਤ ਮਾਨ ਨੇ ਠਸਕਾ ਤੇ ਭੁੱਲਣ ਦੇ ਬੱਚਿਆਂ ਨੂੰ ਗਤਕਾ ਕਿੱਟਾਂ ਵੰਡੀਆਂ

ਸੰਗਰੂਰ (ਪ੍ਰਵੀਨ ਸਿੰਘ)-ਸ਼੍ਰੋਮਣੀ

4-Jan-PAGE-11-Majha-24-Finak.qxd 1/3/2024 10:52 PM Page 1

ਕਿਸਾਨਾਂ ਤੇ ਲੋਕਾਂ ਵੱਲੋਂ ਬੀਡੀਪੀਓ ਦਫ਼ਤਰ ਖਿਲਾਫ ਜੰਮ ਕੇ ਨਾਅਰੇਬਾਜ਼ੀ

* ਬੀ ਡੀ ਓ ਮੌਕੇ ਤੋਂ ਅੱਖ ਬਚਾ ਕੇ ਹੋਇਆ ਨੌਂ ਦੋ ਗਿਆਰਾਂ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)- ਪੰਜਾਬ ਸਰਕਾਰ ਵੱਲੋਂ ਜਲਦ ਕਰਵਾਈਆਂ ਜਾ ਰਹੀਆਂ ਪੰਚਾਇਤੀ ਚੋਣਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਪਿੰਡਾਂ ਦੀਆਂ ਵੋਟਰ ਸੂਚੀਆਂ ਵਿੱਚ ਨਵੀਆਂ ਵਾਰਡਬੰਦੀਆ ਜਿਸ ਵਿੱਚ ਆਂਢ-ਗੁਆਂਢ ਤੇ ਪਰਿਵਾਰਿਕ ਮੈਂਬਰਾਂ ਤੇ ਲੜੀਵਾਰ ਵਾਰਡਬੰਦੀਆ ਬਣਾ ਕੇ ਪੰਜਾਬ ਸਰਕਾਰ ਵੱਲੋਂ ਨਿਰਪੱਖ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਤਾਂ ਜੋ ਚੋਣਾਂ ਸ਼ਾਂਤੀਪੂਰਵਕ ਹੋ ਸਕਣ ਪਰ ਸਥਾਨਿਕ ਬਲਾਕ ਚੋਹਲਾ ਸਾਹਿਬ ਦੇ ਬੀਡੀਪੀਓ ਮਲਕੀਤ ਸਿੰਘ ਨੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਉਲਟ ਜਾ ਕੇ ਇੱਕ ਨਹੀਂ ਬਲਾਕ ਦੇ ਅਨੇਕਾਂ ਪਿੰਡਾਂ ਵਿੱਚ ਚੁੱਪ ਚਪੀਤੇ ਕੁੱਝ ਸ਼ਰਾਰਤੀ ਅਨਸਰਾਂ ਦੇ ਕਹਿਣ ਤੇ ਪਿੰਡਾਂ ਵਿੱਚ ਜੋ ਨਵੀਆਂ ਵੋਟਰ ਸੂਚੀਆਂ 'ਚ ਵਾਰਡਬੰਦੀਆਂ ਬਣਾਈਆਂ ਹਨ ਇਨ੍ਹਾਂ ਵਿੱਚ ਨਾ ਤਾਂ ਕਿਸੇ ਨੂੰ ਆਢ-ਗੁਆਂਢ ਤੇ ਨਾ ਹੀ ਕਿਸੇ ਪਰਿਵਾਰ ਨੂੰ ਇਕੱਠਾ ਕਰਕੇ ਇੱਕ ਵਾਰਡ 'ਚ ਨਹੀਂ ਕੀਤਾ ਸਗੋ ਉਲਟਾ ਇੱਕ ਪਰਿਵਾਰ ਦੇ ਜੀਆਂ ਨੂੰ ਅਨੇਕਾਂ ਵਾਰਡਾਂ 'ਚ ਵੰਡ ਦਿੱਤਾ। ਅਜੇ ਤੱਕ ਬੀਡੀਪੀਓ ਦਫਤਰ ਗੇੜੇ ਮਾਰਨ 'ਤੇ ਕਿਸੇ ਨੂੰ ਵੋਟਰ ਸੂਚੀ ਨਵੀਂ ਵਾਰਡਬੰਦੀ ਵਾਲੀ ਨਹੀਂ ਦਿੱਤੀ ਤਾਂ ਜੋ ਪਿੰਡਾਂ ਦੇ ਵੋਟਰਾਂ ਨੂੰ ਵੱਡੀ ਹੇਰਾ ਫੇਰੀ ਸੱਗ ਜ਼ਾਹਿਰ ਨਾ ਹੋ ਸਕੇ। ਦੇਰ ਸ਼ਾਮ ਕੁਝ ਪਿੰਡਾਂ ਦੇ ਲੋਕਾਂ ਨੂੰ ਕਿਸੇ ਤਰ੍ਹਾਂ ਨਵੀਆਂ ਬਣੀਆਂ ਵੋਟਰ ਸੂਚੀਆਂ ਮਿਲ ਗਈਆਂ ਤਾਂ ਉਹ ਹੈਰਾਨ ਰਹਿ ਗਏ। ਇੱਕ-ਇੱਕ ਪਰਿਵਾਰ ਦੀਆਂ ਕਈ-ਕਈ ਦੂਰ ਦੁਰਾਡੇ ਵਾਲੀਆਂ ਵਾਰਡਾਂ 'ਚ ਵੋਟਾਂ ਦਰਸਾਈਆਂ ਗਈਆਂ ਹਨ ਜਿਸ ਕਰਕੇ ਵੱਡੀ ਤਾਦਾਦ 'ਚ ਪਿੰਡਾਂ ਦੇ ਲੋਕ ਪੰਚ, ਸਰਪੰਚ, ਪਤਵੰਤੇ ਤੇ ਵੋਟਰ ਨਵੀਆਂ ਵਾਰਡਬੰਦੀਆਂ ਦੀਆਂ ਲਿਸਟਾ ਲੈਣ ਲਈ ਬੀਡੀਪੀਓ ਨੂੰ ਬੇਨਤੀ ਕਰਨ ਲੱਗੇ। ਪਰ ਬੀਡੀਪੀਓ ਨੇ ਕਿਸੇ ਦੀ ਨਹੀਂ ਸੁਣੀ ਤੇ ਆਪਣਾ ਹੈਂਕੜ ਭਰਿਆ ਵਤੀਰਾ ਵਿਖਾਉਂਦੇ ਹੋਏ ਕਿਹਾ ਕਿ ਮੈਂ ਆਪਣੀ ਮਨ ਮਰਜ਼ੀ ਕਰਾਂਗਾ। ਇਹ ਗੱਲ ਸੁਣ ਕੇ ਲੋਕ ਭੜਕ ਉਠੇ ਤੇ ਉਨ੍ਹਾਂ ਬੀਡੀਪੀਓ ਦਫ਼ਤਰ ਅੰਦਰ ਪੱਤਰਕਾਰਾਂ ਨੂੰ ਦੱਸਿਆ ਕਿ ਇੰਨੀ ਧੱਕੇਸ਼ਾਹੀ ਹੋਣ ਤੇ ਵੀ ਸਾਡੀ ਬੀਡੀਪੀਓ ਕੋਈ ਸੁਣਵਾਈ ਨਹੀਂ ਕਰ ਰਿਹਾ। ਬੀਡੀਪੀਓ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵੀ ਨਹੀਂ ਦੇ ਸਕਿਆ। ਲੋਕ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਇਕੱਠੇ ਹੋਏ ਤੇ ਕਿਹਾ ਕਿ ਜਦੋਂ ਤੱਕ ਵੋਟਰ ਸੂਚੀਆਂ 'ਚ ਸੁਧਾਰ ਨਹੀ ਹੁੰਦਾ ਉਨਾ ਚਿਰ ਬੀਡੀਪੀਓ ਦਫ਼ਤਰ ਦਾ ਘਿਰਾਓ ਕਰਨਗੇ। ਇਸ ਗੱਲ ਦੀ ਜਦੋਂ ਬੀਡੀਪੀਓ ਨੂੰ ਭਿਣਕ ਪਈ ਤਾਂ ਉਹ ਉਸੇ ਵੇਲੇ ਅੱਖ ਬਚਾ ਕੇ ਖਿਸਕ ਗਿਆ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਚੰਬਾ, ਕਰਮ ਸਿੰਘ ਚੰਬਾ, ਬਲਬੀਰ ਸਿੰਘ ਗਰਾਣਾ, ਨਿਰਵੈਲ ਸਿੰਘ ਧੁੰਨ ਆਦਿ ਕਿਸਾਨ ਆਗੂਆਂ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਨੇ ਬੀਡੀਪੀਓ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਪੰਜਾਬ ਸਰਕਾਰ ਨੂੰ ਪੰਜਾਬ ਸਰਕਾਰ ਦੀਆ ਹਦਾਇਤਾਂ ਮੁਤਾਬਿਕ ਨਿਰਪੱਖ ਪੰਚਾਇਤੀ ਚੋਣਾ ਕਰਵਾਉਣ ਲਈ ਨਵੇਂ ਸਿਰਿਉ ਕਿਸੇ ਇਮਾਨਦਾਰ ਅਧਿਕਾਰੀ ਦੀ ਡਿਊਟੀ ਲਗਾ ਕੇ ਨਵੀਆਂ ਵਾਰਡਬੰਦੀਆਂ ਬਣਾਏ ਜਾਣ ਦੀ ਮੰਗ ਕੀਤੀ। ਬੀਡੀਪੀਓ ਖਿਲਾਫ ਕਾਨੂੰਨੀ ਕਾਰਵਾਈ ਦੀ ਵੀ ਮੰਗ ਦੁਹਰਾਈ। ਲੋਕ ਰੋਹ ਅੱਗੇ ਝੁਕਦਿਆਂ ਬਲਾਕ ਸੈਕਟਰੀਆਂ ਨੇ ਸ਼ਾਮ ਨੂੰ ਲੋਕਾਂ ਨੂੰ ਵੋਟਰ ਲਿਸਟਾਂ ਦੀਆਂ ਕਾਪੀਆਂ ਦੇ ਦਿੱਤੀਆਂ ਤੇ ਕਿਹਾ ਕਿ ਜਲਦ ਹੀ ਗਲਤ ਬਣੀਆਂ ਵਾਰਡਬੰਦੀਆਂ ਨੂੰ ਦਰੁਸਤ ਕਰ ਦਿੱਤਾ ਜਾਵੇਗਾ।

ਗੋਲਬਾਗ ਪਾਰਕ 'ਚ ਫੂਡ ਸਟਰੀਟ ਬਣਾਉਣ ਲਈ ਕਮਿਸ਼ਨਰ ਕਾਰਪੋਰੇਸ਼ਨ ਵੱਲੋਂ ਇਲਾਕੇ ਦਾ ਦੌਰਾ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਜਿਨ੍ਹਾਂ ਕੋਲ ਅੰਮ੍ਰਿਤਸਰ ਨਗਰ ਨਿਗਮ ਦੇ ਕਮਿਸ਼ਨਰ ਦਾ ਵੀ ਅਹੁਦਾ ਹੈ, ਵੱਲੋਂ ਅੱਜ ਕਾਰਪੋਰੇਸ਼ਨ ਦੇ ਵਕਾਰੀ ਪ੍ਰੋਜੈਕਟ ਵੇਖਣ ਲਈ ਅਧਿਕਾਰੀਆਂ ਨਾਲ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਗੋਲਬਾਗ ਪਾਰਕ ਵਿਚ ਫੂਡ ਸਟਰੀਟ ਵਿਕਸਤ ਕਰਨ ਲਈ ਇਲਾਕੇ ਦਾ ਮੁਆਇਨਾ ਕੀਤਾ। ਉਨਾਂ ਕਿਹਾ ਕਿ ਇਹ ਇਲਾਕਾ ਸੈਲਾਨੀਆਂ ਦੀ ਪਹੁੰਚ ਦੇ ਬਿਲਕੁੱਲ ਕੇਂਦਰ ਬਿੰਦੂ ਹੈ, ਇਸ ਲਈ ਇਸ ਇਲਾਕੇ ਨੂੰ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਸ ਇਲਾਕੇ ਦੀ ਪਹੁੰਚ ਵੇਖਦੇ ਹੋਏ ਇੱਥੇ ਫੂਡ ਸਟਰੀਟ ਵਿਕਸਤ ਕਰਨ ਲਈ ਅਧਿਕਾਰੀਆਂ ਨੂੰ ਯੋਜਨਾਬੰਦੀ ਕਰਨ ਦੀ ਹਦਾਇਤ ਕੀਤੀ। ਉਨਾਂ ਕਿਹਾ ਕਿ ਜੇਕਰ ਇਸ ਇਲਾਕੇ ਵਿਚ ਫੂਡ ਸਟਰੀਟ ਬਣਦੀ ਹੈ ਤਾਂ ਇਸ ਨਾਲ ਅੰਮ੍ਰਿਤਸਰ ਆਉਣ ਵਾਲੇ ਸੈਲਾਨੀਆਂ ਤੇ ਯਾਤਰੀਆਂ ਨੂੰ ਸਥਾਨਕ ਪ੍ਰਸਿੱਧ ਖਾਣੇ ਦਾ ਸਵਾਦ ਚਖਾਉਣ ਲਈ ਵਧੀਆ ਇਲਾਕਾ ਮਿਲ ਸਕਦਾ ਹੈ, ਜੋ ਕਿ ਸ੍ਰੀ ਦਰਬਾਰ ਸਾਹਿਬ ਦੇ ਵੀ ਨੇੜੇ ਹੈ, ਜਲ੍ਹਿਆਂਵਾਲਾ ਬਾਗ ਦੇ ਵੀ ਨੇੜੇ ਅਤੇ ਦੁਰਗਿਆਣਾ ਮੰਦਰ ਦੇ ਵੀ ਬਿਲਕੁੱਲ ਨਾਲ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇਸ਼ ਵਿਚ ਸਭ ਤੋਂ ਵੱਧ ਯਾਤਰੀ ਅਤੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ ਅਤੇ ਯਾਤਰੀ ਇੱਥੋਂ ਦੇ ਦਰਸ਼ਨੀ ਸਥਾਨਾਂ ਦੀ ਯਾਤਰਾ ਦੇ ਨਾਲ-ਨਾਲ ਖਾਣ ਪੀਣ ਦਾ ਮਜ਼ਾ ਲੈਣ ਦਾ ਵੀ ਸ਼ੌਕ ਰੱਖਦੇ ਹਨ, ਇਸ ਲਈ ਜ਼ਰੂਰੀ ਹੈ ਕਿ ਸ਼ਹਿਰ ਦੇ ਪ੍ਰਸਿੱਧ ਖਾਣੇ ਇਕ ਹੀ ਸਥਾਨ ਉਤੇ ਪਰੋਸਣ ਲਈ ਵਧੀਆ ਇਲਾਕਾ ਦੇ ਦਿੱਤਾ ਜਾਵੇ। ਡਿਪਟੀ ਕਮਿਸ਼ਨਰ ਨੇ ਇਸ ਤੋਂ ਇਲਾਵਾ ਕੰਪਨੀ ਬਾਗ ਵਿਖੇ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਵੇਖਿਆ ਤੇ ਕੈਰੋਂ ਮਾਰਕੀਟ ਵਿਚ ਬਣ ਰਹੀ ਮਲਟੀ ਲੈਵਲ ਕਾਰ ਪਾਰਕਿੰਗ ਦੇ ਚੱਲ ਰਹੇ ਕੰਮ ਨੂੰ ਵੇਖਿਆ। ਉਨ੍ਹਾਂ ਠੇਕੇਦਾਰ ਦੇ ਆਦਮੀਆਂ ਨਾਲ ਗੱਲ ਕੀਤੀ ਅਤੇ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਪ੍ਰੋਜੈਕਟ ਦਾ ਵਿਸਥਾਰ ਲਿਆ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ ਦੇ ਬਿਲਕੁੱਲ ਵਿਚਕਾਰ ਬਣਨ ਵਾਲੀ ਇਹ ਕਾਰ ਪਾਰਕਿੰਗ ਬਹੁਤ ਮਹੱਤਵਪੂਰਨ ਸਾਬਤ ਹੋਣੀ ਹੈ, ਸੋ ਇਸ ਵਿਚ ਤਕਨੀਕੀ ਤੌਰ ਉਤੇ ਨਿਗ੍ਹਾ ਰੱਖੀ ਜਾਵੇ ਤਾਂ ਜੋ ਕਿਸੇ ਵੀ ਤਰਾਂ ਦੀ ਖਾਮੀ ਪ੍ਰੋਜੈਕਟ ਵਿਚ ਨਾ ਰਹੇ। ਇਸ ਮਗਰੋਂ ਡਿਪਟੀ ਕਮਿਸ਼ਨਰ ਵੱਲੋਂ ਗਲਿਆਰਾ ਕਾਰ ਪਾਰਕਿੰਗ ਦਾ ਦੌਰਾ ਕਰਕੇ ਉਥੇ ਸਫਾਈ ਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਨੇ ਪੁੱਡਾ ਅਧਿਕਾਰੀਆਂ ਨੂੰ ਕਾਰ ਪਾਰਕਿੰਗ ਦੀ ਸੰਭਾਲ ਵੱਲ ਉਚੇਚਾ ਧਿਆਨ ਦੇਣ ਤੇ ਸ਼ਰਧਾਲੂਆਂ ਦੀ ਵਰਤੋਂ ਵਿਚ ਆਉਣ ਵਾਲੇ ਪਖਾਨਿਆਂ ਦੀ ਸਫਾਈ ਤੇ ਰੌਸ਼ਨੀ ਦੇ ਉਚੇਚੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਜਾਇੰਟ ਕਮਿਸ਼ਨਰ ਨਗਰ ਨਿਗਮ ਹਰਦੀਪ ਸਿੰਘ, ਵਿਸ਼ਾਲ ਵਧਾਵਨ, ਐੱਸਈ ਸੰਦੀਪ ਸਿੰਘ, ਅਸਟੇਟ ਅਫਸਰ ਧਰਮਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਡਰਾਈਵਰ ਏਕਤਾ ਜ਼ਿੰਦਾਬਾਦ ਗੁਰਦਾਸਪੁਰ ਟੈਕਸੀ ਸਰਵਿਸ ਐਸੋਸੀਏਸ਼ਨ ਵੱਲੋਂ ਸ਼ਹਿਰ ਅੰਦਰ ਰੋਸ ਮਾਰਚ

ਗੁਰਦਾਸਪੁਰ, (ਜਨਕ ਮਹਾਜਨ)- ਡਰਾਈਵਰ ਏਕਤਾ ਜ਼ਿੰਦਾਬਾਦ ਗੁਰਦਾਸਪੁਰ ਟੈਕਸੀ ਸਰਵਿਸ ਐਸੋਸੀਏਸ਼ਨ ਵਲੋਂ ਕੇਂਦਰ ਸਰਕਾਰ ਦੁਆਰਾ ਪਾਸ ਕੀਤੇ ਗਏ 'ਹਿੱਟ ਐਂਡ ਰਨ' ਕਾਨੂੰਨ ਦੇ ਵਿਰੋਧ ਵਿਚ ਸ਼ਹਿਰ ਅੰਦਰ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਡਰਾਈਵਰ ਭਾਈਚਾਰੇ ਵਲੋਂ ਭਾਰਤ ਸਰਕਾਰ ਮੁਰਦਾਬਾਦ ਅਤੇ ਕਾਲੇ ਕਾਨੂੰਨ ਵਾਪਸ ਲਵੋ ਦੇ ਨਾਅਰੇ ਵੀ ਲਗਾਏ ਗਏ। ਇਸ ਮੌਕੇ ਗੱਲਬਾਤ ਕਰਦਿਆਂ ਡਰਾਈਵਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਨਵੇਂ ਕਾਨੂੰਨ 'ਹਿੱਟ ਐਂਡ ਰਨ' ਨੂੰ ਕੇਂਦਰ ਸਰਕਾਰ ਵਲੋਂ ਪਾਸ ਕਰਨ ਹਿੱਤ ਸਖ਼ਤ ਸਜ਼ਾ ਦੀ ਵਿਵਸਥਾ ਨੂੰ ਲੈ ਕੇ ਸਾਰੇ ਡਰਾਈਵਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਇਸ ਕਾਨੂੰਨ ਤਹਿਤ ਡਰਾਈਵਰਾਂ ਨੂੰ 10 ਸਾਲ ਦੀ ਕੈਦ ਅਤੇ 7 ਲੱਖ ਰੁਪਏ ਜੁਰਮਾਨਾ ਭੁਗਤਣ ਪਵੇਗਾ ਜੋ ਡਰਾਈਵਰ ਲਈ ਬਹੁਤ ਘਾਤਕ ਸਾਬਤ ਹੋਵੇਗਾ। ਡਰਾਈਵਰ ਆਗੂਆਂ ਨੇ ਕਿਹਾ ਕਿ 5-10 ਹਜ਼ਾਰ 'ਤੇ ਨੌਕਰੀ ਕਰਨ ਵਾਲਾ ਡਰਾਈਵਰ ਏਨਾ ਜੁਰਮਾਨਾ ਕਿਵੇਂ ਭਰ ਸਕੇਗਾ।

ਉਨ੍ਹਾਂ ਕਿਹਾ ਕਿ ਜੇਕਰ ਡਰਾਈਵਰ ਨੂੰ ਏਨਾ ਸਮਾਂ ਜੇਲ੍ਹ ਹੁੰਦੀ ਹੈ ਤਾਂ ਉਸ ਦੇ ਪਰਿਵਾਰ ਦੀ ਕੌਣ ਦੇਖਭਾਲ ਕਰੇਗਾ? ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਕੇਂਦਰ ਸਰਕਾਰ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਵਾਪਸ ਨਹੀਂ ਲੈਂਦੀ ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਉਨ੍ਹਾਂ ਕਿਹਾ ਲੋੜ ਪੈਣ 'ਤੇ ਇਸ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਭਾਰਤ ਸਰਕਾਰ ਪਾਸੋਂ ਮੰਗ ਕੀਤੀ ਕਿ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਵਾਪਸ ਲਿਆ ਜਾਵੇ।

ਅੰਮ੍ਰਿਤ ਵੇਲੇ ਦੂਸਰੀ ਪ੍ਰਭਾਤ ਫੇਰੀ ਕੱਢੀ

ਬਟਾਲਾ (ਤਰਲੋਕ ਬੱਗਾ)- ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ ਡੇਰਾ ਰੋਡ ਸ਼ੁਕਰਪੁਰਾ ਬਟਾਲਾ ਵੱਲੋਂ ਅਤੇ ਗੁਰਦੁਆਰੇ ਦੀ ਕਮੇਟੀ ਦੇ ਸਹਿਯੋਗ ਨਾਲ ਅੰਮ੍ਰਿਤ ਵੇਲੇ ਦੂਸਰੀ ਪ੍ਰਭਾਤ ਫੇਰੀ ਕੱਢੀ ਗਈ ਜੋ ਕਿ ਨਗਰਾਂ ਦੀਆਂ ਪਰਿਕਰਮਾ ਕਰਦੀ ਹੋਈ ਅਤੇ ਗੁਰੂ ਜਸ ਗਾਉਂਦੀ ਹੋਈ ਸਰਦਾਰ ਹਰਦੀਪ ਸਿੰਘ ਭਾਟੀਆ ਮਹਾਵੀਰ ਨਗਰ ਦੇ ਗ੍ਰਹਿ ਵਿਖੇ ਪਹੁੰਚੀ।

ਸੰਗਤਾਂ ਵੱਲੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸ਼ਬਦ ਕੀਰਤਨ ਗਾਇਨ ਕੀਤੇ ਗਏ। ਆਨੰਦ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਬਾਬਾ ਜੀ ਵੱਲੋਂ ਅਰਦਾਸ ਬੇਨਤੀ ਕੀਤੀ ਗਈ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਵਰਤਾਈ ਗਈ। ਪਰਿਵਾਰ ਵੱਲੋਂ ਆਈਆਂ ਹੋਈਆਂ ਸੰਗਤਾਂ ਵਾਸਤੇ ਬਰੈੱਡ ਪਕੌੜੇ ਤੇ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਕਮਲ ਵਰਮਾ, ਐਡਵੋਕੇਟ ਕੁਲਬੀਰ ਸਿੰਘ ਵਿਰਦੀ, ਪ੍ਰਿੰਸ ਟਾਈਲਾਂ ਵਾਲੇ, ਕਮਲਜੀਤ ਸਿੰਘ, ਗੁਰਵਿੰਦਰ ਸਿੰਘ ਠੇਕੇਦਾਰ, ਰਣਦੀਪ ਸਿੰਘ ਭਾਟੀਆ, ਰਵਿੰਦਰ ਸਿੰਘ ਭਾਟੀਆ, ਸੋਫੀਆ ਭਾਟੀਆ, ਜੋਤੀ ਭਾਟੀਆ, ਵਰਦਾਨ ਭਾਟੀਆ, ਤਿਨਕਾ ਵਰਮਾ, ਜੋਤੀ ਸ਼ਰਮਾ, ਨਿਧਾਨ ਭਾਟੀਆ, ਰਵਿੰਦਰ ਸਿੰਘ ਅਤੇ ਇਲਾਕੇ ਦੀਆਂ ਬੀਬੀਆਂ ਤੇ ਬੱਚਿਆਂ ਵੱਲੋਂ ਪ੍ਰਭਾਤ ਫੇਰੀ ਵਿੱਚ ਹਾਜ਼ਰੀ ਭਰੀ ਗਈ।

ਪ੍ਰਦੀਪ ਭੁੱਲਰ ਵੱਲੋਂ ਸੰਕਲਪ ਯਾਤਰਾ ਦਾ ਮਜੀਠਾ ਪੁੱਜਣ 'ਤੇ ਭਰਵਾਂ ਸਵਾਗਤ

ਮਜੀਠਾ(ਸੋਇਮ ਆਨੰਦ)-ਸੰਕਲਪ ਯਾਤਰਾ ਦਾ ਦਾਣਾ ਮੰਡੀ ਮਜੀਠਾ ਵਿਖੇ ਪੁੱਜਣ 'ਤੇ ਭਾਰਤੀ ਜਨਤਾ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਪ੍ਰਦੀਪ ਸਿੰਘ ਭੁੱਲਰ ਦੀ ਅਗਵਾਈ ਵਿਚ ਭਾਜਪਾ ਵਰਕਰਾਂ ਵੱਲੋਂ ਹਾਰਦਿਕ ਸਵਾਗਤ ਕੀਤਾ ਗਿਆ। ਇਸ ਮੌਕੇ ਕੇਂਦਰ ਸਰਕਾਰ ਵੱਲੋਂ ਜਿਹੜੀਆਂ ਗਾਰੰਟੀਆਂ ਦਿੱਤੀਆਂ ਹਨ ਉਸ ਤਹਿਤ ਇੱਕ ਛੱਤ ਹੇਠਾਂ ਰੁਜ਼ਗਾਰ, ਕਰਜ਼ਾ ਖੇਤੀਬਾੜੀ, ਕੁਕਿੰਗ ਗੈਸ, ਆਧਾਰ ਕਾਰਡ, ਡਾਕਟਰੀ ਸਹੂਲਤਾਂ, ਖਾਧ ਪਦਾਰਥ, ਬੈਂਕ ਸਹੂਲਤਾਂ ਬਾਬਤ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਸ ਵਿਚ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋ ਲਾਭਪਾਤਰੀਆਂ ਨੂੰ ਸਹੂਲਤਾਂ ਦੇਣ ਲਈ ਡੈਸਕ ਲਗਾਏ ਗਏ ਅਤੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਦਿੱਤੀਆਂ ਜਾਣ ਵਾਲੀਆਂ ਸਕੀਮਾਂ ਸਬੰਧੀ ਫਾਰਮ ਭਰੇ ਗਏ ਅਤੇ ਹੋਰ ਜਾਣਕਾਰੀ ਵੀ ਦਿੱਤੀ ਗਈ।

ਅੱਜ ਦੇ ਇਸ ਵਿਸ਼ੇਸ਼ ਕੈਂਪ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਫਾਇਦਾ ਲਿਆ। ਇਸ ਮੌਕੇ ਨਗਰ ਕੌਂਸਲ ਮਜੀਠਾ ਦੇ ਈਈਓ ਰਣਦੀਪ ਸਿੰਘ ਵੜੈਚ, ਭਾਜਪਾ ਆਗੂ ਪਰਦੀਪ ਸਿੰਘ ਭੁੱਲਰ, ਸੀਡੀਪੀਓ ਗਗਨਦੀਪ ਸਿੰਘ, ਸੈਨੇਟਰੀ ਇੰਸਪੈਕਟਰ ਰਾਧੇ ਸ਼ਾਮ, ਰਾਕੇਸ਼ ਕੁਮਾਰ ਪੱਪਾ ਸਕੱਤਰ ਜਿਲ੍ਹਾ ਭਾਜਪਾ ਦਿਹਾਤੀ, ਅਰੁਨ ਨੰਦਾ, ਲਲਿਤ ਕੁਮਾਰ, ਗੁਲਸ਼ਨ ਸਿੰਘ ਚੌਹਾਨ, ਸੁਰਿੰਦਰ ਸਿੰਘ ਚੌਹਾਨ, ਗੋਪੀ ਮਜੀਠਾ, ਸੁਨੀਤਾ ਕੁਮਾਰੀ, ਜਸਬੀਰ ਕੌਰ, ਦਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਭਾਜਪਾ ਵਰਕਰ ਅਤੇ ਆਮ ਲੋਕ ਹਾਜ਼ਰ ਸਨ।

ਆਰ ਡੀ ਖੋਸਲਾ ਸਕੂਲ ਦੇ ਵਿਦਿਆਰਥੀਆਂ ਦੀ ਸਾਊਥ ਏਸ਼ੀਆ ਯੋਗਾ ਕੱਪ ਥਾਈਲੈਂਡ ਲਈ ਚੋਣ

ਬਟਾਲਾ (ਤਰਲੋਕ ਬੱਗਾ/ਡਾ. ਮਲਵਿੰਦਰ ਸਿੰਘ)-ਸ੍ਰੀ ਗੁਰੂ ਹਰਕ੍ਰਿਸ਼ਨ ਇੰਟਰਨੈਸ਼ਨਲ ਸਕੂਲ ਅੰਮ੍ਰਿਤਸਰ ਵਿਖੇ ਭਾਰਤ ਦੇ ਨੌਜਵਾਨ ਖੇਡ ਵਿਭਾਗ ਸੰਗਠਨ ਵੱਲੋਂ ਓਪਨ ਨੈਸ਼ਨਲ ਯੋਗਾ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ ਭਾਰਤ ਦੇ 10 ਰਾਜਾਂ ਦੇ 119 ਪ੍ਰਤੀਯੋਗੀਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਪੰਜਾਬ ਰਾਜ ਪਹਿਲੇ ਸਥਾਨ 'ਤੇ ਰਿਹਾ। ਇਸ ਮੁਕਾਬਲੇ ਵਿੱਚ ਆਰ. ਡੀ. ਖ

4-Jan-PAGE-12.qxd 1/3/2024 11:05 PM Page 1

ਜਨਮ ਦਿਨ ਮੁਬਾਰਕ

ਸੀਆ ਛਾਬੜਾ (ਜਲੰਧਰ)

ਬਲਦੀਪ ਸਿੰਘ, ਹੁਸ਼ਿਆਰਪੁਰ

ਵਰ੍ਹੇਗੰਢ ਮੁਬਾਰਕ

ਪਵਨ ਮੱਟੂ ਤੇ ਸੁਮਨਦੀਪ ਕੌਰ ਮੱਟੂ ਵਾਸੀ ਪਿੰਡ ਮੀਰਪੁਰ ਮਾੜੀ, ਜਲੰਧਰ ਨੇ ਆਪਣੇ ਵਿਆਹ ਦੀ 9ਵੀਂ ਵਰ੍ਹੇਗੰਢ ਮਨਾਈ

ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਵਿਖੇ ਐੱਨ ਐੱਸ ਐੱਸ ਕੈਂਪ ਲਗਾਇਆ

ਫਗਵਾੜਾ (ਡਾ. ਰਮਨ)

ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਦੁਆਰਾ ਸੱਤ ਰੋਜ਼ਾ ਐੱਨ.ਐੱਸ.ਐੱਸ. ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ ਸੱਤਰ ਤੋਂ ਵੱਧ ਵਲੰਟੀਅਰਾਂ ਨੇ ਹਿੱਸਾ ਲਿਆ।ਕੈਂਪ ਦੇ ਪਹਿਲੇ ਦਿਨ ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ ਨੇ ਓਰੀਐਂਟੇਸ਼ਨ ਸੈਸ਼ਨ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਨੈਸ਼ਨਲ ਸਰਵਿਸ ਸਕੀਮ ਬਾਰੇ ਜਾਣਕਾਰੀ ਦਿੱਤੀ ਗਈ।ਓਰੀਐਂਟੇਸ਼ਨ ਸੈਸ਼ਨ ਤੋਂ ਬਾਅਦ 'ਬੈਸਟ ਆਊਟ ਆਫ ਵੇਸਟ' ਵਿਸ਼ੇ 'ਤੇ ਵਰਕਸ਼ਾਪ ਲਗਾਈ ਗਈ।ਕੈਂਪ ਦੇ ਅਗਲੇ ਦਿਨਾਂ ਵਿੱਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਨਸ਼ਾਖੋਰੀ ਜਾਗਰੂਕਤਾ ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।ਵਿਦਿਆਰਥੀਆਂ ਨੇ ਨਸ਼ਾਖੋਰੀ ਜਾਗਰੂਕਤਾ 'ਤੇ ਪੋਸਟਰ ਮੇਕਿੰਗ ਅਤੇ ਸਲੋਗਨ ਰਾਈਟਿੰਗ ਵੀ ਕੀਤੀ।ਵਿਦਿਆਰਥੀਆਂ ਵਿੱਚ ਕਦਰਾਂ ਕੀਮਤਾਂ ਦੇ ਵਿਕਾਸ ਲਈ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿੱਚ ਲੰਗਰ ਵੀ ਲਗਾਇਆ ਗਿਆ।ਵਿਦਿਆਰਥੀਆਂ ਨੂੰ 'ਚਾਰ ਸਾਹਿਬਜ਼ਾਦੇ 2: ਰਾਈਜ਼ ਆਫ ਬੰਦਾ ਸਿੰਘ ਬਹਾਦਰ' ਧਾਰਮਿਕ ਮੂਵੀ ਦਿਖਾਈ।ਪਲਾਹੀ ਪਿੰਡ ਵਿਖੇ ਸਫਾਈ ਕੈਂਪ ਲਗਾਇਆ ਗਿਆ।ਪਿੰਡ ਦੇ ਲੋਕਾਂ ਵਲੋਂ ਵਲੰਟੀਅਰਜ਼ ਨੂੰ ਕੰਮ ਦੀ ਮੁੱਖ ਜਗ੍ਹਾਂ ਵਲੰਟੀਅਰਾਂ ਨੂੰ ਦਿਖਾਈ ਗਈ।ਜਵਾਨ ਵਲੰਟੀਅਰਾਂ ਦੁਆਰਾ ਪੂਰੀ ਤਾਕਤ,ਜੋਸ਼ ਤੇ ਉਤਸ਼ਾਹ ਨਾਲ ਪਿੰਡ ਦੇ ਸਕੂਲ ਤੇ ਸ਼ਾਮਲਾਟ ਦੀ ਸਫਾਈ ਕੀਤੀ।ਪਿੰਡ ਵਿੱਚ ਪਰਾਲੀ ਸਾੜਨ ਅਤੇ ਬਰੇਨ ਡਰੇਨ ਵਿਸ਼ੇ 'ਤੇ ਜਾਗਰੂਕਤਾ ਰੈਲੀ ਕੱਢੀ ਗਈ।ਪਿੰਡ ਵਿੱਚ ਵਿਦਿਆਰਥੀਆਂ ਨੇ ਰੁੱਖ ਲਗਾਉਣ ਦੀ ਮੁਹਿੰਮ ਦਾ ਵੀ ਆਯੋਜਨ ਕੀਤਾ ਜਿਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਪੌਦੇ ਲਗਾਏ।ਕੈਂਪ

ਦੌਰਾਨ ਯੋਗਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਆਸਣ ਅਤੇ ਮੈਡੀਟੇਸ਼ਨ ਕੀਤਾ।'ਹੈਲਥ ਐਂਡ ਇਮਿਊਨਟੀ' ਵਿਸ਼ੇ 'ਤੇ ਲੈਕਚਰ ਵੀ ਕਰਵਾਇਆ ਗਿਆ।ਵਿਦਿਆਰਥੀਆਂ ਵੱਲੋਂ ਕਾਲਜ ਕੈਂਪਸ ਦੀ ਸਫਾਈ ਕੀਤੀ ਗਈ।ਵਿਦਿਆਰਥੀਆਂ ਅੰਦਰ ਮਾਨਵੀ ਮੁੱਲਾਂ ਦਾ ਵਿਕਾਸ ਕਰਨ ਲਈ ਅਪਾਹਜ ਘਰ ਦਾ ਵੀ ਦੌਰਾ ਕਰਵਾਇਆ ਗਿਆ।ਕੈਂਪ ਦੇ ਆਖਰੀ ਦਿਨ ਮਹਾਨ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਸ਼ਤਾਬਦੀ ਦੇ ਸਮਾਪਤੀ ਸਮਾਰੋਹ ਨੂੰ ਸਮਰਪਿਤ ਸੈਮੀਨਾਰ ਕਰਾਇਆ ਗਿਆ।ਡਾ. ਸੁਰਿੰਦਰ ਜੀਤ ਕੌਰ, ਪ੍ਰਿੰਸੀਪਲ ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਨੇ ਇਸ ਸੈਮੀਨਾਰ ਦੇ ਰਿਸੋਰਸ ਪਰਸਨ ਦੀ ਭੂਮਿਕਾ ਨਿਭਾਈ।ਸਰਵੋਤਮ ਵਲੰਟੀਅਰਜ਼ ਅਪੂਰਵਾ, ਚਾਂਦਨੀ, ਮਨਵੀਰ ਕੌਰ, ਹਰਪ੍ਰੀਤ ਕੌਰ ਅਤੇ ਗੁਰਪ੍ਰੀਤ ਕੌਰ ਨੂੰ ਉਹਨਾਂ ਦੇ ਅਸਾਧਾਰਨ ਕਾਰਜਾਂ ਦੀ ਪ੍ਰਸ਼ੰਸਾ ਅਤੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ ਵਲੋਂ ਐੱਨ.ਐੱਸ.ਐੱਸ. ਕੈਂਪ ਦੇ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਰਾਸ਼ਟਰੀ ਸੇਵਾ ਸਕੀਮ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਵਿਕਾਸ ਤੇ ਸਮਾਜ ਨੂੰ ਉੱਪਰ ਚੁੱਕਣ ਵਿੱਚ ਬੁਹਤ ਵੱਡੀ ਭੂਮਿਕਾ ਨਿਭਾਉਂਦੀ ਹੈ।ਇਹ ਰਾਸ਼ਟਰੀ ਨਿਰਮਾਣ ਅਤੇ ਸਮਾਜਿਕ ਜਿੰਮੇਵਾਰੀ ਦੀ ਭਾਵਨਾ ਪੈਦਾ ਕਰਦੀ ਹੈ।ਉਹਨਾਂ ਨੇ ਵਲੰਟੀਅਰਾਂ ਨੂੰ ਵਧਾਈ ਦਿੱਤੀ ਤੇ ਪਿੰਡ ਵਾਸੀਆਂ ਦੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ।ਸ੍ਰੀਮਤੀ ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਫਗਵਾੜਾ ਨੇ ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ,ਐੱਨ.ਐੱਸ.ਐੱਸ. ਯੂਨਿਟ ਦੇ ਇੰਚਾਰਜ ਸ੍ਰੀਮਤੀ ਜਸਵਿੰਦਰ ਕੌਰ, ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀਆਂ ਨੂੰ ਅਜਿਹੇ ਬਹੁਮੁੱਲੇ ਪ੍ਰੋਗਰਾਮ ਦੇ ਆਯੋਜਨ ਲਈ ਵਧਾਈ ਦਿੱਤੀ।ਉਹਨਾਂ ਕਿਹਾ ਕਿ ਇਹੋ ਜਿਹੀਆਂ ਗਤੀਵਿਧੀਆਂ ਸਮਾਜ ਦੀਆਂ ਸਮੱਸਿਆਵਾਂ ਨੂੰ ਹੱਲ ਕਰਦੀਆਂ ਹਨ।ਐੱਨ.ਐੱਸ.ਐੱਸ. ਕੈਂਪ ਦਾ ਮੁੱਖ ਉਦੇਸ਼ ਯੁਵਾ ਪੀੜੀ ਵਿੱਚ ਸਮਾਜਿਕ ਚੇਤਨਤਾ ਤੇ ਸਮਾਜ ਸੇਵਾ ਰਾਹੀ ਸ਼ਖਸੀਅਤ ਦਾ ਵਿਕਾਸ ਕਰਨਾ ਹੈ ਜੋ ਕਿ ਸਮੇਂ ਦੀ ਮੁੱਖ ਲੋੜ ਹੈ। ਸੋ ਕਾਲਜ ਭਵਿੱਖ ਵਿੱਚ ਵੀ ਅਜਿਹੇ ਉਸਾਰੂ ਕਾਰਜ ਜਾਰੀ ਰੱਖੇਗਾ।

ਪਥਰਾਲੀਆਂ ਵਿਖੇ ਬੱਚਿਆਂ ਨੂੰ ਖੇਡ ਕਿੱਟਾਂ ਵੰਡੀਆਂ

ਅੱਡਾ ਸਰਾਂ (ਜਸਵੀਰ ਕਾਜਲ)

ਪਿੰਡ ਪਥਰਾਲੀਆਂ ਵਿਖੇ ਕਮਲਪਾਲ ਸਿੰਘ ਕਨੇਡਾ ਵੱਲੋਂ ਪਿੰਡ ਦੇ ਬੱਚਿਆਂ ਨੂੰ ਜਰਸੀਆਂ ਅਤੇ ਬੂਟ ਵੰਡੇ ਗਏ। ਪਿੰਡ ਵਾਸੀਆਂ ਵੱਲੋਂ ਪਿੰਡ ਦੇ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸਾਹਿਤ ਕੀਤਾ ਗਿਆ। ਛੋਟੇ ਬੱਚਿਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਦੇ ਹੋਏ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਗਈ। ਇਸ ਸਮੇਂ ਨੰਬਰਦਾਰ ਗਗਨਜੀਤ ਸਿੰਘ ਨੇ ਪਿੰਡ ਵਾਸੀਆਂ ਵੱਲੋਂ ਕਮਲਪਾਲ ਸਿੰਘ ਕਨੇਡਾ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਦੀ ਹੌਂਸਲਾ ਅਫਸਾਈ ਕੀਤੀ। ਇਸ ਸਮੇਂ ਕਮਲਪਾਲ ਸਿੰਘ ਦੇ ਮਾਤਾ ਰਣਜੀਤ ਕੌਰ ਵੀ ਹਾਜ਼ਰ ਰਹੇ। ਇਸ ਸਮੇਂ ਖਾਲਸਾ ਸਪੋਰਟਸ ਵੈਲਫੇਅਰ ਸੋਸਾਇਟੀ ਪਥਰਾਲੀਆਂ ਦਾ ਗਠਨ ਕੀਤਾ ਗਿਆ। ਇਸ ਸਮੇਂ ਲੰਬਰਦਾਰ ਓਂਕਾਰ ਸਿੰਘ, ਰਸ਼ਪਾਲ ਸਿੰਘ, ਰੁਪਿੰਦਰ ਕੌਰ, ਸੁਖਦੇਵ ਸਿੰਘ ਫਤਿਹਪੁਰ, ਨਵਦੀਪ ਸਿੰਘ, ਹਰਪਾਲ ਸਿੰਘ ਪਾਲਾ, ਮਨਦੀਪ ਕੌਰ, ਅਮਨਦੀਪ ਕੌਰ, ਅਵਨੀਤ ਸਿੰਘ, ਜਸਵਿੰਦਰ ਕੌਰ, ਜਗਤਾਰ ਸਿੰਘ, ਪਰਮੀਤ ਸਿੰਘ ਅਤੇ ਭਾਈ ਜਗਤਾਰ ਸਿੰਘ ਆਦਿ ਪਿੰਡ ਵਾਸੀ ਹਾਜ਼ਰ ਹੋਏ।

ਫ਼ਲਸਤੀਨੀ ਲੋਕਾਂ ਉਪਰ ਹੋ ਰਹੇ ਅੱਤਿਆਚਾਰ ਵਿਰੁੱਧ ਮਾਰਚ ਤੇ ਰੈਲੀ

ਭਲਾਣ, (ਹਰਭਜਨ ਢਿੱਲੋਂ)

ਪੰਜਾਬ ਦੀਆਂ 7 ਖੱਬੇ ਪੱਖੀ ਅਤੇ ਇਨਕਲਾਬੀ ਪਾਰਟੀਆਂ ਦੇ ਸੱਦੇ ਤੇ ਆਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ ਵਿਖੇ ਫ਼ਲਸਤੀਨੀ ਲੋਕਾਂ ਦੇ ਹੱਕ ਅਤੇ ਉਹਨਾਂ ਉਪਰ ਹੋ ਰਹੇ ਅਤਿਆਚਾਰ ਵਿਰੁੱਧ ਮਾਰਚ ਅਤੇ ਰੈਲੀ ਦਾ ਆਯੋਜਨ ਕੀਤਾ। ਬਕਾਇਦਾ ਲਾਲ ਝੰਡਿਆਂ ਨਾਲ ਸੀ ਪੀ ਆਈ ਅਤੇ ਆਰ ਐਮ ਪੀ ਆਈ ਦੇ ਸਾਥੀ ਬੱਸ ਅੱਡਾ ਆਨੰਦਪੁਰ ਸਾਹਿਬ ਵਿਖੇ ਇਕੱਤਰ ਹੋਏ ਅਤੇ ਅਮਰੀਕਾ ਦੀ ਸ਼ਹਿ ਤੇ ਇਸਰਾਈਲ ਵੱਲੋਂ ਫ਼ਲਸਤੀਨੀਆਂ ਦੀ ਹੋ ਰਹੀ ਕਤਲੋਗਾਰਤ ਵਿਰੁੱਧ ਸ਼ਹਿਰ ਦੇ ਬਜਾਰ ਵਿੱਚ ਅਮਰੀਕੀ ਇਜ਼ਰਾਈਲੀ ਗਠਜੋੜ ਵਿਰੁੱਧ ਰੋਹ ਭਰਪੂਰ ਮਾਰਚ ਕੀਤਾ ਅਤੇ ਰਵੀਦਾਸ ਚੌਂਕ ਵਿੱਚ ਰੈਲੀ ਦਾ ਆਯੋਜਨ ਕੀਤਾ ਜਿਸ ਨੂੰ ਕਾਮਰੇਡ ਮੋਹਣ ਸਿੰਘ ਧਮਾਣਾ ਜਿਲਾ ਸਕੱਤਰ ਆਰ ਐਮ ਪੀ ਆਈ, ਕਾਮਰੇਡ ਦਵਿੰਦਰ ਕੁਮਾਰ ਨੰਗਲੀ ਜਿਲਾ ਸਕੱਤਰ ਸੀ ਪੀ ਆਈ, ਦਰਸ਼ਨ ਸਿੰਘ ਬੜਵਾ, ਹਰੀ ਚੰਦ ਗੋਲਨੀ, ਜਗਦੀਸ਼ ਲਾਲ ਐਸ ਡੀ ਓ, ਗੁਰਨਾਮ ਸਿੰਘ ਔਲਖ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਫ਼ਲਸਤੀਨੀ ਲੋਕਾਂ ਨਾਲ ਇਕਜੁਟਤਾ ਜ਼ਾਹਿਰ ਕਰਦੇ ਹੋਏ ਗਾਜ਼ਾ ਪੱਟੀ ਵਿਚ ਨਿਹੱਥੇ ਲੋਕਾਂ ਉਪਰ ਕੀਤੀ ਜਾ ਰਹੀ ਗੋਲਾਬਾਰੀ ਅਤੇ ਕਤਲੋਗਾਰਤ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਇਸ ਲਈ ਇਸਰਾਈਲ ਦੇ ਨਾਲ ਅਮਰੀਕਾ ਅਤੇ ਪੱਛਮੀ ਦੇਸ਼ਾਂ ਨੂੰ ਵੀ ਜਿੰਮੇਵਾਰ ਠਹਿਰਾਇਆ। ਇਸ ਦੇ ਨਾਲ ਹੀ ਮੋਦੀ ਸਰਕਾਰ ਵੱਲੋਂ ਇਸ ਸਬੰਧੀ ਅਪਣਾਈ ਦੋਗਲੀ ਨੀਤੀ ਦੀ ਸਖ਼ਤ ਅਲੋਚਨਾ ਕੀਤੀ ਅਤੇ ਕਿਹਾ ਕਿ ਭਾਰਤ ਦੀ ਵਿਦੇਸ਼ ਨੀਤੀ ਹਮੇਸ਼ਾਂ ਫਲਸਤੀਨੀਆਂ ਦੇ ਹੱਕ ਵਿੱਚ ਰਹੀ ਹੈ ਪ੍ਰੰਤੂ ਮੋਦੀ ਸਰਕਾਰ ਇਸ ਨੀਤੀ ਤੋਂ ਭਟਕ ਰਹੀ ਹੈ ਅਤੇ ਫਲਸਤੀਨ ਵਿਚ ਜੰਗਬੰਦੀ ਦੇ ਸਵਾਲ ਤੇ ਪਾਸਾ ਵਟ ਗਈ ਅਤੇ ਯੂ ਐਨ ਓ ਵਿਚੋਂ

ਗੈਰਹਾਜ਼ਰ ਰਹੀ। ਬੁਲਾਰਿਆਂ ਨੇ ਮੰਗ ਕੀਤੀ ਕਿ ਫਲਸਤੀਨ ਉਪਰ ਫੌਰੀ ਤੌਰ 'ਤੇ ਹਮਲੇ ਬੰਦ ਕੀਤੇ ਜਾਣ, ਗਾਜ਼ਾ ਪੱਟੀ ਦੀ ਨਾਕਾ ਬੰਦੀ ਖੋਲੀ ਜਾਏ ਅਤੇ ਅਤੇ ਕੈਂਪਾਂ ਵਿੱਚ ਬੈਠੀ 85 ਫੀਸਦੀ ਫ਼ਲਸਤੀਨੀ ਅਬਾਦੀ ਨੂੰ ਜ਼ਰੂਰੀ ਵਸਤਾਂ ਮੁਹੱਈਆ ਕਰਵਾਈਆਂ ਜਾਣ। ਇਸ ਮੌਕੇ ਗੁਰਨੈਬ ਸਿੰਘ ਜੈਤੇਵਾਲ, ਰਾਮ ਪਾਲ ਤਾਰਾਪੁਰ, ਮੋਹਣ ਲਾਲ ਸੈਣੀ, ਜਰਨੈਲ ਸਿੰਘ ਪਟਵਾਰੀ, ਕਿਰਪਾਲ ਸਿੰਘ , ਸੋਮ ਸਿੰਘ ਰੌਲੀ, ਬਲਵੰਤ ਸਿੰਘ, ਮੇਜਰ ਸਿੰਘ ਗੰਗੂਵਾਲ, ਸੁਸ਼ੀਲ ਕੁਮਾਰ, ਅਮਰੀਕ ਸਿੰਘ ਸਮੀਰੋਵਾਲ, ਗੁਲਜਾਰ ਸਿੰਘ ਨੰਗਲੀ,ਕਰਮ ਚੰਦ ਘਨਾਰੂ ਆਦਿ ਹਾਜ਼ਰ ਸਨ।

ਜੇ ਐਨ ਵੀ 'ਚ ਛੇਵੀਂ ਜਮਾਤ ਦੀ ਦਾਖਲਾ ਪ੍ਰੀਖਿਆ 20 ਨੂੰ

ਹੁਸ਼ਿਆਰਪੁਰ, (ਓ ਪੀ ਰਾਣਾ)-ਪੀ ਐਮ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ, ਫਲਾਹੀ, ਹੁਸ਼ਿਆਰਪੁਰ ਦੀ ਛੇਵੀਂ ਜਮਾਤ ਦੀ ਦਾਖਲਾ ਪ੍ਰੀਖਿਆ ਇਸ ਵਾਰ 20 ਜਨਵਰੀ (ਸ਼ਨੀਵਾਰ) ਨੂੰ ਹੋਣ ਜਾ ਰਹੀ ਹੈ। ਵਿਦਿਆਲਿਆ ਦੇ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਜਿਨ੍ਹਾਂ ਉਮੀਦਵਾਰਾਂ ਨੇ ਪ੍ਰੀਖਿਆ ਦੇ ਫਾਰਮ ਭਰੇ ਹਨ, ਉਹ ਆਪਣਾ ਰਜਿਸਟ੍ਰੇਸ਼ਨ ਨੰਬਰ ਭਰ ਕੇ ਆਪਣੇ ਐਡਮਿਟ ਕਾਰਡ https://navodaya.gov.in/ ਲਿੰਕ 'ਤੇ ਡਾਊਨਲੋਡ ਕਰ ਸਕਦੇ ਹਨ, ਸਬੰਧਤ ਬਲਾਕਾਂ ਦੇ ਬੀ.ਪੀ.ਈ.ਓ ਦਫ਼ਤਰ ਅਤੇ ਜੇ.ਐਨ.ਵੀ ਫਲਾਹੀ ਹੁਸ਼ਿਆਰਪੁਰ ਤੋਂ ਵੀ ਪ੍ਰਾਪਤ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਫੋਨ ਨੰਬਰ 01882-289393 'ਤੇ ਕੰਮਕਾਜ ਵਾਲੇ ਦਿਨ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 4.30 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ।

ਸਵੀਪ ਅਧੀਨ ਮੇਹਰ ਚੰਦ ਪੋਲੀਟੈਕਨਿਕ ਕਾਲਜ ਵਿਖੇ ਵੋਟਰ ਹੈਲਪ ਡੈਸਕ ਸਥਾਪਤ

ਜਲੰਧਰ (ਸ਼ੈਲੀ ਐਲਬਰਟ)

ਮੁੱਖ ਚੋਣ ਅਫ਼ਸਰ ਪੰਜਾਬ, ਚੰਡੀਗੜ੍ਹ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਯੋਗ ਅਗਵਾਈ ਵਿੱਚ ਕਾਲਜ ਵਿੱਖੇ ਨੌਜਵਾਨ ਵਿਦਿਆਰਥੀਆਂ ਦੀ ਮਦਦ ਲਈ ਇੱਕ ਵੋਟਰ ਹੈਲਪ ਡੈਸਕ ਸਥਾਪਿਤ ਕੀਤੀ ਗਈ।ਪ੍ਰਣਾਲੀਗਤ ਵੋਟਰਾਂ ਦੀ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਅਧੀਨ ਕਾਲਜ ਵਿੱਖੇ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਦਾ ਮੁੱਖ ਵਿਸ਼ਾ ਨੌਜਵਾਨ ਵੋਟਰਾਂ ਦੀ ਵੋਟਾਂ ਵਿੱਚ ਭਾਗੇਦਾਰੀ ਵਧਾਉਣਾ ਹੈ।ਇਨ੍ਹਾਂ ਮੁਕਾਬਲਿਆਂ ਦੀ ਸ਼ੁਰੂਆਤ ਸਵੀਪ ਨੋਢਲ ਅਫ਼ਸਰ ਪ੍ਰੋ. ਕਸ਼ਮੀਰ ਕੁਮਾਰ ਨੇ ਆਪਣੇ ਸਵਾਗਤੀ ਭਾਸ਼ਨ ਰਾਹੀਂ ਕਰਵਾਈ।ਇਸ ਮੁਕਾਬਲੇ ਵਿਚ 20 ਵਿੱਦਿਆਰਥੀਆਂ ਨੇ ਸ਼ਿਰਕਤ ਕੀਤੀ।ਮੁਕਾਬਲਿਆਂ ਵਿੱਚ ਅਵੱਲ ਰਹਿਣ ਵਾਲੇ ਵਿੱਦਿਆਰਥੀਆਂ ਨੂੰ ਕਸ਼ਮੀਰ ਕੁਮਾਰ, ਮੈਡਮ ਪ੍ਰੀਤ ਕੰਵਲ ਅਤੇ ਮਿਸ ਨੇਹਾ ਨੇ ਨਿਰਣਾ ਕਰਦਿਆਂ

ਚੁਣਿਆ।ਪੋਸਟਰ ਅਤੇ ਸਲੋਗਨ ਮੁਕਾਬਲਿਆਂ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਸਾਈ ਕੀਤੀ ਗਈ। ਪ੍ਰਿੰਸੀਪਲ ਨੇ ਜੇਤੂਆਂ ਨੂੰ ਅਸ਼ੀਰਵਾਦ ਦਿੰਦਿਆਂ ਵੱਧ ਤੋਂ ਵੱਧ ਵੋਟਰ ਪ੍ਰਣਾਲੀ ਵਿੱਚ ਯੋਗਦਾਨ ਕਰਨ ਦੀ ਨਸੀਹਤ ਕੀਤੀ ।ਇਸ ਮੌਕੇ 'ਤੇ ਸਵੀਪ ਦੀ ਟੀਮ ਵਲੋਂ ਵੋਟ ਦੀ ਮਹੱਤਤਾ ਨੂੰ ਦਰਸਾਉਂਦਾ ਹੋਇਆ ਇੱਕ ਰੰਗੀਨ ਇਸ਼ਤਿਹਾਰ ਵੀ ਜਾਰੀ ਕੀਤਾ ਗਿਆ । ਮੈਡਮ ਪ੍ਰੀਤ ਕੰਵਲ ਨੇ ਕੋਆਰਡੀਨੇਟਰ ਦੀ ਭੂਮਿਕਾ ਨਿਭਾਈ।ਅੰਤ ਵਿੱਚ ਰਾਜੀਵ ਸ਼ਰਮਾ ਅਤੇ ਮੈਡਮ ਨੇਹਾ (ਸੀ. ਡੀ. ਕੰਸਲਟੈਂਟ) ਨੇ ਸਭਨਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

ਖੰਨਾ ਵਿਖੇ ਸ਼ਹੀਦ ਬਾਬਾ ਮੱਤੀ ਸਾਹਿਬ ਸੇਵਾ ਸੁਸਾਇਟੀ ਦਾ ਹੋਇਆ ਵਿਸ਼ੇਸ਼ ਸਨਮਾਨ

ਆਦਮਪੁਰ (ਪਰਮਜੀਤ ਸਿੰਘ)

ਬੀਤੇ ਦਿਨੀਂ ਆਸ਼ਰੀ ਉਮੀਦ ਵੈਲਫ਼ੇਅਰ ਸੁਸਾਇਟੀ ਰਜਿ ਜਲੰਧਰ ਵੱਲੋਂ ਮਾਨਤਾ ਦੀ ਸੇਵਾ ਵਿੱਚ ਇੱਕ ਹੋਰ ਪਹਿਲ ਕਦਮੀ

ਕਰਦਿਆਂ ਮੁੱਖ ਸੇਵਾਦਾਰ ਮਾਣਯੋਗ ਜਤਿੰਦਰਪਾਲ ਸਿੰਘ ਦੀ ਯੋਗ ਅਗਵਾਈ ਵਿੱਚ ਨਵਾਂ ਸਾਲ, ਨਵੀਂ ਉਮੀਦ, ਨਵੀਂ ਬ੍ਰਾਂਚ ਦੇ ਤਹਿਤ ਅਨਾਜ ਮੰਡੀ ਖੰਨਾ ਵਿੱਖੇ ਦੁਕਾਨ ਨੰਬਰ 12 2 ਵਿੱਖੇ ਆਖਰੀ ਉਮੀਦ ਵੈਲਫ਼ੇਅਰ ਸੁਸਾਇਟੀ ਦੀ ਚੌਥੀ ਬ੍ਰਾਂਚ ਦਾ ਉਦਘਾਟਨੀ ਸਮਾਰੋਹ ਕਰਵਾਇਆ ਗਿਆ ਅਤੇ ਖੂਨਦਾਨ ਕੈਂਪ ਵੀ ਲਗਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੀ ਦੁਆਬੇ ਇਲਾਕੇ ਦੀ ਸਿਰਮੌਰ ਸੰਸਥਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਆਦਮਪੁਰ ਦੁਆਬਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਸੇਵਾ ਸੁਸਾਇਟੀਆਂ ਦੇ ਆਪਸੀ ਪਿਆਰ ਸਦਕਾ ਹੀ ਮਾਨਵਤਾ ਦੀ ਸੇਵਾ ਨੂੰ ਰਲ ਮਿਲ ਕੇ ਕਰਨ ਦੀ ਵੱਚਨਬੱਧਤਾ ਨੂੰ ਦ